# ਤੀਰ ਨਿਸ਼ਾਨੇ ’ਤੇ

(ਸੱਚੇ ਭਾਰਤੀ ਨਾਗਰਿਕਾਂ ਦੇ ਦਿਲ ਦੀ ਆਵਾਜ਼)

ਭਾਰਤੀ ਲੋਕਾਂ ਦੇ ਮਨੋਰੰਜਨ ਅਤੇ ਉਹਨਾਂ ਦੇ ਬੱਚਿਆਂ ਨੂੰ ਸੇਧ ਦੇਣ ਲਈ ਲਿਖਿਆ ਭਾਰਤ
ਵਿਚ ਹੋ ਰਹੇ ਗਲਤ ਕੰਮਾਂ ਉੱਪਰ ਅਧਾਰਿਤ ਰਚਨਾਵਾਂ ਦਾ ਨਿੱਕਾ ਪਰ ਤਿੱਖਾ ਸੰਗ੍ਰਹਿ।

# ਤੀਰ ਨਿਸ਼ਾਨੇ ’ਤੇ

(ਸੱਚੇ ਭਾਰਤੀ ਨਾਗਰਿਕਾਂ ਦੇ ਦਿਲ ਦੀ ਆਵਾਜ਼)

**ਜਸਪ੍ਰੀਤ ਸਿੰਘ**

Poetry/Punjabi Poetry

**Teer Nishane Te**

*by*

**Jaspreet Singh**
S/o Sr. Baldev Singh Virdi
Bhullar Patti, V.P.O. Mangwal
Teh. & Distt. Sangrur-148001
Ph. 94173-73083

2010
Published by Lokgeet Parkashan
S.C.O. 26-27, Sector 34 A, Chandigarh-160022
India
Ph.0172-5077427, 5077428
Punjabi Bhawan Ludhiana, 98154-71219
Type Setting & Design PCIS
Printed & bound at Unistar Books (Printing Unit)
11-A, Industrial Area, Phase-2, Chandigarh (India)
98154-71219

*© 2010*
*Produced and bound in India*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's and writer's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

# ਸਮਰਪਣ

ਇਹ ਕਿਤਾਬ ਸਮਰਪਿਤ ਹੈ ਆਪਣੀਆਂ ਪਿਆਰੀਆਂ,
ਦੁਲਾਰੀਆਂ ਅਤੇ ਨਿਆਰੀਆਂ ਬੇਟੀਆਂ
**ਸਹਿਜਪ੍ਰੀਤ ਕੌਰ ਅਤੇ ਤਮੰਤ ਕੌਰ**
ਨੂੰ

## ਤਤਕਰਾ


| | | |
|---|---|---|
| * | ਭੂਮਿਕਾ | 9 |
| 1. | ਸਾਡਾ ਭਾਈਚਾਰਾ | 11 |
| 2. | ਅਕਸ ਸਮਾਜ ਦਾ | 13 |
| 3. | ਸਵਿੱਸ ਬੈਂਕ | 14 |
| 4. | ਵਾਗੀ ਵੱਟਾ | 15 |
| 5. | ਦੋਹਰੀਆਂ ਨੀਤੀਆਂ | 17 |
| 6. | ਨੌਕਰੀ ਅਤੇ ਸਟੇਟਸ | 18 |
| 7. | ਬਾਂਦਰ ਟਪੂਸੀ | 20 |
| 8. | ਗ੍ਰੇਡਿੰਗ ਸਿਸਟਮ | 22 |
| 9. | ਧੂੰਆਂ ਹੀ ਧੂੰਆਂ | 24 |
| 10. | ਨਾੜਾਂ ਵਿਚ ਕੀ ਵਗਦਾ ? | 26 |
| 11. | ਟ੍ਰੈਫਿਕ | 27 |
| 12. | ਮੋੜ ਤੇ ਬੈਠੀ ਢਾਣੀ | 29 |
| 13. | ਫਾਟਕ ਉਪਰ ਦੀ ਲੰਘੋ | 31 |
| 14. | ਅਸੀਂ ਤਾਂ ਸੜਕਾਂ ਵੱਢਾਂਗੇ ! | 33 |
| 15. | ਛੱਪੜ ਅਤੇ ਸ਼ਾਮਲਾਟ | 35 |
| 16. | ਸੜਕ ਦਾ ਪ੍ਰਾਹੁਣਾ ਟ੍ਰੈਕਟਰ | 37 |
| 17. | ਮਹਿੰਗਾਈ | 39 |
| 18. | ਕੌੜੀ ਦਵਾਈ | 41 |
| 19. | ਧੋਖਾ ਕਿਸ ਨਾਲ ? | 42 |

| | | |
|---|---|---|
| 20. | ਅਪਲਿਫਟਮੈਂਟ | 44 |
| 21. | ਉਹ ਲਗਜ਼ਰੀ | 46 |
| 22. | ਹਥਿਆਰ ਕਿਉਂ ਚੁੱਕਦੇ ? | 48 |
| 23. | ਦੁਸਹਿਰਾ | 50 |
| 24. | ਸੱਚੀ ਪੂਜਾ | 52 |
| 25. | ਪਬਲਿਕ ਪ੍ਰਾਪਰਟੀ | 53 |
| 26. | ਮਿਲਾਵਟਖੋਰੀ | 55 |
| 27. | ਤੁਸੀਂ ਕਦੇ ਸੱਚ ਨਾ ਬੋਲਿਓ ! | 57 |
| 28. | ਅਸੀਂ ਬੰਦੇ ਨਹੀਂ ਹਾਂ | 60 |
| 29. | ਵਿਚਾਰਧਾਰਾ ਦਾ ਕੀ ਮੁੱਲ ਹੈ ? | 62 |
| 30. | ਖ਼ੂਨ ਸ਼ਹੀਦਾਂ ਦੇ | 65 |

# ਭੂਮਿਕਾ

ਸਭ ਤੋਂ ਪਹਿਲਾਂ ਮੈਂ ਧੰਨਵਾਦ ਕਰਦਾ ਹਾਂ ਉਹਨਾਂ ਸਭ ਭਾਰਤੀਆਂ ਦਾ ਜਿਹੜੇ ਭਾਰਤ ਦੇ ਵਾਸੀ ਹੋ ਕੇ ਵੀ ਕਦੇ ਗਲਤ ਕੰਮ ਕਰਨ ਤੋਂ ਪਿੱਛੇ ਨਹੀਂ ਹਟਦੇ। ਜਿਨ੍ਹਾਂ ਨੂੰ ਕੋਈ ਡਰ ਨਹੀਂ ਕਿਸੇ ਕਾਨੂੰਨ ਦਾ, ਕਿਸੇ ਰੱਬ ਦਾ ਜਾਂ ਕਿਸੇ ਮੌਤ ਦਾ! ਉਹਨਾਂ ਦੇ ਇਸ ਬਹੁਮੁੱਲੇ ਯੋਗਦਾਨ ਤੋਂ ਬਿਨਾ ਮੇਰਾ ਇਹ ਦੂਜਾ ਰਚਨਾਵਾਂ ਦਾ ਸੰਗ੍ਰਹਿ 'ਤੀਰ ਨਿਸ਼ਾਨੇ 'ਤੇ' (ਸੱਚੇ ਭਾਰਤੀ ਨਾਗਰਿਕਾਂ ਦੇ ਦਿਲ ਦੀ ਆਵਾਜ਼) ਕਦੇ ਵੀ ਪੂਰਾ ਨਹੀਂ ਸੀ ਹੋ ਸਕਦਾ। ਮੈਂ ਇਕ ਵਾਰ ਫੇਰ ਦਿਲੋਂ ਧੰਨਵਾਦ ਕਰਦਾ ਹਾਂ ਉਹਨਾਂ ਗੰਦ ਪਾਉਣ ਵਾਲੇ ਵੀਰਾਂ ਦਾ ਜਿਨ੍ਹਾਂ ਦੀ ਮਿਹਨਤ ਸਦਕਾ ਮੇਰੀ ਕਲਮ ਨੂੰ ਕੁਝ ਕਾਗਜ਼ ਕਾਲੇ ਕਰਨ ਦਾ ਬਲ ਮਿਲਿਆ।

ਕਿਤਾਬ ਉਪਰ ਲਿਖੀਆਂ ਲਾਈਨਾਂ ਵਿਚ ਮੈਂ ਲਿਖਿਆ ਹੈ ਭਾਰਤੀ ਲੋਕਾਂ ਦੇ ਮਨੋਰੰਜਨ ਲਈ ਕਿਉਂਕਿ ਵੱਡਿਆਂ ਦੀਆਂ ਆਦਤਾਂ ਤਾਂ ਹੁਣ ਕਿਸੇ ਹਾਲਤ ਵਿਚ ਬਦਲ ਨਹੀਂ ਸਕਦੀਆਂ। ਨਾਲੇ ਇਕ ਵਾਰੀ ਜੇਕਰ ਖ਼ੂਨ ਅਤੇ ਰਿਸ਼ਵਤ ਮੂੰਹ ਨੂੰ ਲੱਗ ਜਾਣ ਫੇਰ ਬੰਦਾ ਛੱਡ ਨਹੀਂ ਸਕਦਾ। ਹਾਂ ਬੱਚੇ ਇਸ ਕਿਤਾਬ ਤੋਂ ਸੇਧ ਲੈ ਕੇ ਜ਼ਰੂਰ ਚੰਗੇ ਅਤੇ ਸੱਚੇ ਨਾਗਰਿਕ ਬਣ ਸਕਦੇ ਹਨ।

ਇਸ ਤੋਂ ਇਲਾਵਾ ਮੈਂ ਧੰਨਵਾਦ ਕਰਦਾ ਹਾਂ ਉਹਨਾਂ ਵੀਰਾਂ ਅਤੇ ਭੈਣਾਂ ਦਾ ਜਿਨ੍ਹਾਂ ਨੇ ਮੇਰੀ ਪਹਿਲੀ ਕਿਤਾਬ 'ਦੁਖਦੀ ਰਗ ਤੇ ਹੱਥ' ਮਿਹਨਤੀ ਅਧਿਆਪਕਾਂ ਦੇ ਦਿਲ ਦੀ ਆਵਾਜ਼ ਨੂੰ ਪੜ੍ਹਿਆ ਅਤੇ ਸਰਾਹਿਆ। ਮੇਰਾ ਫੋਨ ਨੰਬਰ ਉਸ ਕਿਤਾਬ 'ਤੇ ਨਹੀਂ ਸੀ ਪਰ ਕਈਆਂ ਨੂੰ ਜਦੋਂ ਵੀ ਮੌਕਾ ਮਿਲਿਆ ਮੈਨੂੰ ਕੁੱਝ ਬਹੁਮੁੱਲੀਆਂ ਸਲਾਹਾਂ ਦਿੱਤੀਆਂ ਅਤੇ ਤਾਰੀਫ਼ ਕੀਤੀ। ਜਿਨ੍ਹਾਂ ਨੂੰ ਮਿਲਣ ਦਾ ਮੌਕਾ ਮੈਨੂੰ ਨਹੀਂ ਮਿਲਿਆ ਉਮੀਦ ਹੈ ਉਨ੍ਹਾਂ ਨੇ ਵੀ ਇਸ ਕਿਤਾਬ ਨੂੰ ਪੜ੍ਹਕੇ ਜ਼ਰੂਰ ਸਰਾਹਿਆ ਹੋਵੇਗਾ।

ਦਿਲੋਂ ਧੰਨਵਾਦ ਜੀ!

ਮੇਰੇ ਮੁਤਾਬਿਕ ਤੁਕਾਂਤ ਕਵਿਤਾ ਵਿਚ, ਕਿਸੇ ਤਰ੍ਹਾਂ ਦੀ ਵੀ ਕਵਿਤਾ ਤੋਂ ਵੱਧ ਆਨੰਦ ਮਿਲਦਾ ਹੈ ਅਤੇ ਆਨੰਦ ਜਾਂ ਮਨੋਰੰਜਨ ਮੇਰੀ ਕਵਿਤਾ ਦੇ ਪ੍ਰਮੁੱਖ ਉਦੇਸ਼ਾਂ ਵਿਚੋਂ ਇਕ ਹੈ। ਹੁਣ ਤੁਸੀਂ ਸੋਚੋਗੇ ਕਿ ਹਟ ਹੀ ਨਹੀਂ ਰਿਹਾ। ਚਲੋ ਜੀ, ਮੈਂ ਚੁੱਪ ਕਰ ਜਾਂਦਾ ਹਾਂ, ਤੁਸੀਂ ਪੜ੍ਹੋ ਤੇ ਲਓ ਸੁਆਦ ਵਿਸ਼ਿਆਂ ਦੀ ਵਿਲੱਖਣਤਾ, ਕਵਿਤਾ ਦੀ ਰਾਣੀ 'ਬੱਜਵੀਂ ਤੁਕਾਂਤ ਕਵਿਤਾ' ਅਤੇ ਕਵੀ ਦੀ ਸੋਚ ਦਾ!

## ਸਾਡਾ ਭਾਈਚਾਰਾ

ਸਾਡੇ ਦੇਸ਼ ਤੋਂ ਦੁਨੀਆ ਸਿੱਖੇ
ਮਿਲਵਰਤਨ ਕਿਸ ਨੂੰ ਕਹਿੰਦੇ ਨੇ,
ਮਿਲ ਮੁਲ ਕੇ ਸਰਕਾਰੀ ਨੌਕਰ
ਖੂਬ ਰਿਸ਼ਵਤਾਂ ਲੈਂਦੇ ਨੇ।

ਰੋਕਣ ਦੀ ਖੇਚਲ ਕੌਣ ਕਰੇ
ਜਦੋਂ ਸਾਰੇ ਹੀ ਹਾਂ ਚੋਰ ਅਸੀਂ,
ਰਿਸ਼ਵਤਖੋਰਾਂ ਦੀ ਜਾਤ ਦੇ ਸਾਰੇ
ਨਹੀਂ ਹਾਂ ਕੋਈ ਹੋਰ ਅਸੀਂ।

ਰਾਜਨੇਤਾ ਵੀ ਸਾਡੇ ਭਾਈ
ਸਾਡੀ ਹੀ ਉਹ ਜਾਤ ਦੇ ਨੇ,
ਰਿਸ਼ਵਤ ਦੇ ਪੈਸੇ ਵੀ ਸੋਚਣ
ਜਿਵੇਂ ਗੁਰੂ ਦੀ ਦਾਤ ਦੇ ਨੇ।

ਆਟੇ ਦੇ ਵਿਚ ਲੂਣ ਬਰਾਬਰ
ਇਮਾਨਦਾਰ ਕੁਝ ਬੰਦੇ ਨੇ,
ਮੁੱਠੀ ਭਰ ਉਹ, ਕੀ ਕਰ ਲੈਣਗੇ
ਗੰਦੇ ਬੜੇ ਸਾਡੇ ਧੰਦੇ ਨੇ।

ਰਿਸ਼ਵਤ ਰੋਕਣ ਨੂੰ ਜੋ ਰੱਖੇ
ਕਦੇ ਕਿਸੇ ਜੇ ਫੜ ਲੈਂਦੇ,
ਭਾਈਚਾਰੇ ਨੂੰ ਯਾਦ ਨੇ ਕਰਕੇ
ਖਾ ਪੀ ਪਾਸੇ ਖੜ੍ਹ ਲੈਂਦੇ।

ਅਸੀਂ ਮਿਲਜੁਲ ਕੇ ਸਭ ਖਾਂਦੇ ਹਾਂ
ਨਾ ਕਿਸੇ 'ਤੇ ਉਂਗਲ ਚੁੱਕੀਏ ਜੀ,
ਅਸੀਂ ਦੁਨੀਆ ਲਈ ਉਦਾਹਰਣ ਹਾਂ
ਕਦੇ ਲੁੱਟਣ ਤੋਂ ਨਾ ਉੱਕੀਏ ਜੀ।
ਕਦੇ ਲੁੱਟਣ ਤੋਂ ਨਾ ਉੱਕੀਏ ਜੀ।

ਪਿੱਛੇ ਜਿਹੇ ਇੱਕ ਆਈ. ਏ. ਐੱਸ. ਅਫ਼ਸਰ ਦੇ ਘਰ ਤੋਂ ਕਰੋੜਾਂ ਰੁਪਏ ਬਰਾਮਦ ਕਰਨ ਦੀ ਘਟਨਾ ਵਾਪਰੀ। ਉਹ ਖ਼ਬਰ ਸੁਣ ਕੇ ਕਿਸੇ ਨੂੰ ਹੈਰਾਨੀ ਹੋਈ? ਨਹੀਂ ਨਾ! ਲੱਗਦਾ ਹੈ ਵਿਚਾਰੇ ਨੇ ਹਿੱਸਾ ਪੱਤੀ ਨਹੀਂ ਕੀਤੀ ਹੋਣੀ। ਕਿਉਂਕਿ ਨਹੀਂ? ਉਪਰ ਤੋਂ ਥੱਲੇ ਤੱਕ ਕਿਹੜਾ ਬੰਦਾ ਹੈ ਜਿਸ ਕੋਲ ਵਸੀਲਿਆਂ ਤੋਂ ਜ਼ਿਆਦਾ ਸੰਪੱਤੀ ਨਹੀਂ? ਪਹਿਲਾਂ ਕਿਹੜਾ ਕਦੇ ਕੋਈ ਅਫ਼ਸਰ ਜਾਂ ਨੇਤਾ ਫੜਿਆ ਨਹੀਂ ਗਿਆ! ਉਹਨਾਂ ਨੂੰ ਕੀ ਹੋ ਗਿਆ ਜਿਹੜਾ ਇਸ ਅਫ਼ਸਰ ਨੂੰ ਹੋ ਜਾਊ?

## ਅਕਸ ਸਮਾਜ ਦਾ

ਹਰ ਥਾਂ ਚੱਲੇ ਸਿਫਾਰਸ਼
ਹਰ ਥਾਂ ਰੁਤਬਾ ਬੋਲਦਾ ਐ,
ਮਾੜੇ ਬੰਦੇ ਨੂੰ ਤਕੜਾ
ਪੈਰਾਂ ਵਿਚ ਰੋਲਦਾ ਐ।

ਇਹ ਜੱਗ ਭੈੜਾ, ਭੈੜਾ
ਤੇ ਬੱਸ ਭੈੜਾ ਹੋ ਗਿਆ ਹੈ,
ਸੱਚ ਕਦੇ ਸੀ ਉੱਤੇ ਜੋ
ਹੁਣ ਕਿੱਥੇ ਖੋ ਗਿਆ ਹੈ ?

ਮੌਤ ਨੂੰ ਬੰਦਾ ਭੁੱਲਕੇ
ਰੱਬ ਨੂੰ ਛਿੱਕੇ ਟੰਗਦਾ ਹੈ,
ਮਾੜੇ ਕੰਮ ਹੈ ਕਰ ਜਾਂਦਾ
ਜਿਸ ਰਸਤੇ ਲੰਘਦਾ ਹੈ।

ਕੋਈ ਰਾਮ, ਕ੍ਰਿਸ਼ਨ ਜਾਂ
ਨਾਨਕ ਆ ਕੇ ਰਸਤਾ ਦੱਸ ਜਾਵੇ,
ਲਾਲਚ ਤੇ ਤਾਕਤ ਦਾ ਜਿੰਨ
ਜੇ ਦਿਲਾਂ 'ਚੋਂ ਨੱਸ ਜਾਵੇ।

ਭਾਰਤ ਦੇ ਵਿਚ ਈਮਾਨ ਨਾਂ ਦੀ ਚੀਜ਼ ਵਿਚ ਦਿਨੋਂ ਦਿਨ ਗਿਰਾਵਟ ਆ ਰਹੀ ਹੈ। ਮੈਨੂੰ ਉਮੀਦ ਹੈ ਕਿ ਛੇਤੀ ਹੀ ਅਸੀਂ ਵਰਲਡ ਰਿਕਾਰਡ ਬਣਾ ਦੇਵਾਂਗੇ ਰਿਸ਼ਵਤਖ਼ੋਰੀ, ਬੇਈਮਾਨੀ, ਧੋਖੇਬਾਜ਼ੀ, ਲੁੱਟ, ਔਰਤਾਂ ਨਾਲ ਗਲਤ ਵਿਵਹਾਰ ਕਰਨ 'ਚ ਨੰਬਰ ਇੱਕ ਹੋਣ ਦਾ। ਸਾਡੀਆਂ ਹਰਕਤਾਂ ਤੋਂ ਲੱਗ ਰਿਹਾ ਹੈ ਕਿ ਉਸ ਕੁਰਸੀ 'ਤੇ ਹੱਕ ਸਾਡਾ ਹੀ ਹੈ।

## ਸਵਿੱਸ ਬੈਂਕ

ਬੜੀ ਪਾਉਂਦੇ ਨੇ ਕਾਵਾਂ ਰੌਲੀ
ਸਵਿੱਸ ਬੈਂਕ ਤੱਕ ਜਾਵਾਂਗੇ,
ਪੈਸਾ ਕਿੰਨਾ, ਕੀਹਨੇ ਰੱਖਿਆ
ਪਤਾ ਲਗਾ ਕੇ ਆਵਾਂਗੇ।

ਖੋਲ੍ਹ ਦੇਵਾਂਗੇ ਪਰਦੇ ਸਾਰੇ
ਕੁਝ ਵੀ ਲੁਕ ਨਾ ਪਾਵੇਗਾ,
ਪਰਦੇ ਪਿੱਛੋਂ ਹਰੇਕ ਰਿਸ਼ਵਤੀ
ਸਾਹਮਣੇ ਸਭ ਦੇ ਆਵੇਗਾ।

ਵੋਟਾਂ ਖਾਤਰ ਸਭ ਨੇ ਕਹਿੰਦੇ
ਅਸੀਂ ਤੁਰਾਂਗੇ ਪਹਿਲੀ ਤੋਰ,
ਵੋਟਾਂ ਪਿੱਛੋਂ ਸਭ ਭੁੱਲ ਜਾਂਦੇ
ਕਿਉਂਕਿ ਖੁਦ ਵੀ ਹੁੰਦੇ ਚੋਰ।

ਜੇਕਰ ਪੈਸਾ ਘਰ ਆ ਜਾਵੇ
ਖਾਤੇ ਸਭ ਦੇ ਖੁਲ੍ਹ ਜਾਵਣ,
ਕਰਜ਼ਾ ਭਾਰਤ ਉੱਪਰ ਸੀ ਕਦੇ
ਸਭ ਲੋਕੀਂ ਇਹ ਭੁੱਲ ਜਾਵਣ।

ਚੱਤੋ ਪਹਿਰ ਦੀਵਾਲੀ ਮਨ ਜਾਏ
ਖੁਸ਼ੀਆਂ ਦੀ ਨਾ ਹੱਦ ਰਹੇ,
ਹੋਵੇ ਕ੍ਰਿਸ਼ਮਾ ਕਦੇ ਇਹ ਰੱਬ ਜੀ
ਉੱਚਾ ਭਾਰਤ ਦਾ ਕੱਦ ਹੋਵੇ!

ਦੇਖੋ ਕਿਹੜਾ ਮਾਈ ਦਾ ਲਾਲ ਹਿੰਮਤ ਕਰਦੈ ਸਵਿੱਸ ਬੈਂਕ ਤੱਕ ਜਾਣ ਦੀ! ਇਹ ਗੱਲ ਤਾਂ ਪੱਕੀ ਹੈ ਕਿ ਮੌਜੂਦਾ ਰਾਜਨੀਤਿਕ ਪਾਰਟੀਆਂ ਵਿਚੋਂ ਤਾਂ ਕੋਈ ਨਹੀਂ ਜਾ ਸਕਦਾ। ਹਾਂ, ਕੋਈ ਨਵੀਂ ਹੀ ਪਾਰਟੀ ਉੱਠ ਖੜ੍ਹੀ ਹੋਵੇ ਜਿਸਨੇ ਹਾਲੇ ਕੁਝ ਖਾਧਾ ਨਾ ਹੋਵੇ, ਉਹ ਸ਼ਾਇਦ ਹਿੰਮਤ ਕਰ ਲਵੇ!

# ਵਾਰੀ ਵੱਟਾ

ਪਹਿਲਾਂ ਇਕ ਦਾ ਰਾਜ ਸੀ ਚੱਲ ਰਿਹਾ
ਵਿਰੋਧੀਆਂ 'ਤੇ ਉਹਨੇ ਕੇਸ ਸੀ ਕਰਤਾ,
ਲਾ ਲਾ ਕੇ ਇਲਜ਼ਾਮ ਉਹਨਾਂ 'ਤੇ
ਗਿਰੇਬਾਨ ਸੀ ਉਹਨਾਂ ਦਾ ਭਰਤਾ।

ਕਿਸੇ ਸਮੇਂ ਸੀ ਉਹਨਾਂ 'ਚੋਂ ਹੀ
ਛੱਡ ਕੇ ਉਹਨਾਂ ਨੂੰ ਸੀ ਤੁਰ ਗਿਆ,
ਦੂਜੀ ਪਾਰਟੀ ਦੇ ਵਿਚ ਜਾ ਕੇ
ਪਾਣੀ 'ਚ ਲੂਣ ਦੇ ਵਾਂਗ ਖੁਰ ਗਿਆ।

ਵਿਰੋਧੀ ਧਿਰ ਦਾ ਰਾਜ ਜਦ ਆਇਆ
ਉਹਨਾਂ ਨੇ ਵੀ ਮੁੱਦੇ ਲੱਭ ਲਏ,
ਦੂਜੀ ਪਾਰਟੀ ਵਾਲੇ ਕਈ ਨੇਤਾ
ਕੇਸਾਂ ਥੱਲੇ ਉਹਨਾਂ ਨੇ ਦੱਬ ਲਏ।

ਚੱਲੇ ਕੇਸ, ਇਨਕਵਾਇਰੀਆਂ ਹੋਈਆਂ
ਮਿਹਨਤ ਤੇ ਪੈਸੇ ਖ਼ੂਬ ਲੱਗੇ,
ਨਤੀਜਾ ਕੁਝ ਨਾ ਸਾਹਮਣੇ ਆਇਆ
ਦੋਵੇਂ ਚੱਕ ਗਏ ਅੰਤੇ ਝੱਗੇ।

ਰਾਜ ਕਰਨ ਵਾਲਿਆਂ ਵੀ ਕੀਤਾ
ਜਿਵੇਂ 'ਲੰਡੀ ਬੁੱਚੀ' ਨੇ ਕਰਦੇ,
ਇੱਕ ਨੂੰ ਕੁੱਟ 'ਹਾਸਪਿਟਲ' ਭੇਜਦੇ
ਖੁਦ 'ਕੱਟ' ਲਾ ਜਾ ਬੈੱਡ ਨੇ ਭਰਦੇ।

ਅੰਤ ਫੇਰ ਸਮਝੌਤਾ ਹੀ ਹੁੰਦਾ
ਉਹੀ ਕੰਮ ਇਹਨਾਂ ਨੇ ਕੀਤਾ,
ਤੁਸੀਂ ਵੀ ਖਾਧਾ, ਅਸੀਂ ਵੀ ਖਾਧਾ
ਖੂਹ 'ਚ ਪੈਣ ਭੋਲਾ, ਮੱਖਣ, ਜੀਤਾ।

ਇਹ ਜਨਤਾ ਨਾਲ ਹੁੰਦਾ ਆਇਆ
ਪਰ ਕੁਝ ਵੀ ਨਹੀਂ ਕਰ ਸਕਦੇ,
ਕਿਸੇ ਨੂੰ ਵੋਟ ਤਾਂ ਪਾਉਣੀ ਹੀ ਐ
ਨਾਲੇ ਦੋਵੇਂ ਧਿਰ ਨਹੀਂ ਹਰ ਸਕਦੇ!

ਇਕ ਧਿਰ ਨੇ ਤਾਂ ਜਿੱਤਣਾ ਹੁੰਦਾ
ਮਨਮਰਜ਼ੀਆਂ ਫੇਰ ਉਹ ਕਰਦਾ ਹੈ,
ਪੰਜ ਸਾਲ ਜੋ ਖਾਲੀ ਹੋਈਆਂ
ਜੇਬਾਂ ਰੱਜ-ਰੱਜ ਕੇ ਭਰਦਾ ਹੈ।

ਤੂੰ ਮੇਰਾ ਬਾਈ, ਮੈਂ ਤੇਰਾ ਬਾਈ, ਮੈਂ ਤੈਥੋਂ ਬਿਨਾਂ ਕਿਸੇ ਦੀ..............। ਦਾਰੂ ਪੀਣ ਵਾਲੇ ਮੇਰੇ ਵੀਰ ਖਾਲੀ ਥਾਂ ਅਰਾਮ ਨਾਲ ਭਰ ਲੈਣਗੇ। ਜਿਨ੍ਹਾਂ ਤੋਂ ਭਰੀ ਨਾ ਜਾਵੇ ਉਹ ਕਿਸੇ ਸਿਰੇ ਦੇ ਪਿਆਕੜ ਦੀ ਮਿੰਨਤ ਕਰਕੇ ਪੁੱਛ ਲੈਣਾ। ਪਰ ਇਹੀ ਕੰਮ ਕਰਦੇ ਨੇ ਸਾਡੇ ਰਾਜਨੇਤਾ। ਕੋਈ ਪਰਵਾਹ ਨਹੀਂ ਲੋਕਾਂ ਦੇ ਪੈਸੇ, ਮਿਹਨਤ, ਦੇਸ਼ ਦੀ। ਜਦੋਂ ਦੇਖਿਆ ਕਿ ਦੋਵੇਂ ਫਸ ਸਕਦੇ ਹਾਂ ਤਾਂ ਸਮਝੌਤੇ ਦੀ ਗੱਲ ਕਰਨ ਲੱਗ ਜਾਂਦੇ ਹਨ।

## ਦੋਹਰੀਆਂ ਨੀਤੀਆਂ

ਸਿੱਖਿਆ ਨੂੰ ਕਹਿੰਦੇ ਉਪਰ ਲੈ ਜਾਣਾ
ਕਰ ਦੇਣਾ ਪੂਰਾ ਸੁਧਾਰ ਅਸੀਂ,
ਨੀਤੀਆਂ ਐਸੀਆਂ ਲਿਆਵਾਂਗੇ
ਚੁੱਕ ਦੇਣਾ ਪੂਰਾ ਮਿਆਰ ਅਸੀਂ।

ਗਿਣਤੀ 'ਚ ਕਿਉਂ ਨਹੀਂ ਵਧਣਗੇ ਬੱਚੇ
ਟੀਚਰਜ਼ ਨੂੰ ਦੇਣਾ ਖਿੱਚ ਪੂਰਾ,
ਹਰ ਪਿੰਡ 'ਚ ਸਕੂਲ ਬਣਾ ਦਿੱਤੇ
ਸਕੂਲਾਂ 'ਚ ਪੰਜਾਬ ਐ 'ਰਿੱਚ' ਪੂਰਾ।

ਕਈ ਪਿੰਡਾਂ ਦੇ ਵਿੱਚ ਤਾਂ ਖੋਖਲੀਆਂ
ਜੜ੍ਹਾਂ ਸਰਕਾਰੀ ਸਕੂਲ ਦੀਆਂ ਕਰਤੀਆਂ,
ਸਾਹਮਣੇ ਏਅਰਟੈੱਲ ਸਕੂਲ ਖੋਲ੍ਹ 'ਤੇ,
ਦੇਣ ਸਮੋਸੇ, ਟਿੱਕੀਆਂ, ਵਰਦੀਆਂ।

ਸਰਕਾਰ ਦੋ ਮੂੰਹੇ ਨਾਗ ਦੇ ਵਾਂਗੂੰ
ਦੋਹਰੀਆਂ ਨੀਤੀਆਂ ਕਿਉਂ ਅਪਣਾਉਂਦੀ,
ਅਧਿਆਪਕਾਂ ਨੂੰ ਕੁਝ ਸਮਝ ਨਾ ਆਵੇ,
ਸੰਭਾਲੇ, ਕਿ ਪਿੱਠ ਤੇ ਤੀਰ ਚਲਾਉਂਦੀ।

ਮੈਨੂੰ ਸਮਝ ਨਹੀਂ ਆਉਂਦੀ ਕਿ ਕਿਹੜੇ ਇੰਨੇ ਤਕੜੇ ਸਲਾਹਕਾਰ ਨੇ ਸਰਕਾਰ ਕੋਲ ਜਿਹੜੇ ਇਹੋ ਜਿਹੀਆਂ ਜੜ੍ਹਾਂ ਵੱਢਣ ਦੀਆਂ ਪਾਲਿਸੀਆਂ ਦੀ ਸਲਾਹ ਦਿੰਦੇ ਹਨ। ਜੇ ਕੋਈ ਪਾਲਿਸੀ ਲਾਗੂ ਕਰਨੀ ਵੀ ਹੁੰਦੀ ਹੈ ਤਾਂ ਐੱਸ. ਐੱਮ. ਐੱਸ. ਰਾਹੀਂ ਜਾਂ ਇੰਟਰਨੈੱਟ ਰਾਹੀਂ ਵੋਟਿੰਗ ਕਰਵਾ ਲਿਆ ਕਰਨ। ਇਕ ਪਾਸੇ ਸਰਕਾਰ ਸਰਕਾਰੀ ਸਿੱਖਿਆ ਨੂੰ ਉੱਪਰ ਚੁੱਕਣ ਦੀ ਗੱਲ ਕਰਦੀ ਹੈ ਦੂਜੇ ਪਾਸੇ ਕਿੰਨੀ ਤਰ੍ਹਾਂ ਦੇ ਟੀਚਰ, ਕਿੰਨੀ ਤਰ੍ਹਾਂ ਦੇ ਸਕੂਲ। ਥਾਂ-ਥਾਂ ਸਕੂਲ ਖੋਲ ਦਿੱਤੇ, ਫੇਰ ਕਹਿੰਦੇ ਬੱਚੇ ਵਧਾਓ। ਹੁਣ ਕੀ ਕੁੱਤੇ, ਬਿੱਲੇ ਇਕੱਠੇ ਕਰਕੇ ਦਾਖਲ ਕਰਵਾ ਦੇਈਏ ਜਦੋਂ ਪਿੰਡ ਵਿਚ ਬੱਚੇ ਹੀ ਨਹੀਂ। ਰੈਸ਼ਨਲਾਈਜੇਸ਼ਨ ਤੇ ਉੱਤਰ ਆਏ। ਪਹਿਲਾ ਮੌਕਾ ਤਾਂ ਦਿਓ ਉਹਨਾਂ ਨੂੰ ਆਪਣੀ ਕਾਬਲੀਅਤ ਸਾਬਤ ਕਰਨ ਦਾ ਜਿਹੜੇ ਹਾਲੇ ਸਾਲ ਕੁ ਤੋਂ ਨੌਕਰੀ 'ਚ ਆਏ ਹਨ। ਵੀਹ, ਪੱਚੀ ਸਾਲਾਂ ਦਾ ਵਿਗੜਿਆ ਕੰਮ ਇੱਕ ਸਾਲ 'ਚ ਤਾਂ ਨਹੀਂ ਠੀਕ ਹੋਣ ਲੱਗਿਆ? ਤਿੰਨ ਚਾਰ ਸਾਲ ਤਾਂ ਦਿੱਤੇ ਜਾਣ ਵਿਚਾਰੇ ਨਵਿਆਂ ਨੂੰ।

## ਨੌਕਰੀ ਅਤੇ ਸਟੇਟਸ

ਮਾਸਟਰੀ ਵਿੱਚ ਨਾ ਕੋਈ 'ਸਟੇਟਸ'
ਮਾਸਟਰਾਂ ਦੀ ਨਾ ਪੁੱਛ ਕੋਈ,
ਡੀ. ਈ. ਓ. ਤੱਕ ਵੀ ਮਾਸਟਰ ਨੇ
ਸਾਨੂੰ ਨਹੀਂ ਹੈ ਮਿਲਕੇ ਖ਼ੁਸ਼ ਕੋਈ।

ਜਿਸ ਕਿਸੇ ਮਹਿਕਮੇ ਕੰਮ ਹੋਵੇ
ਅਸੀਂ ਧੱਕੇ ਉੱਥੇ ਜਾ ਖਾਈਏ,
ਸਾਡੇ ਪ੍ਰਿੰਸੀਪਲ ਨੂੰ ਵੀ ਨਾ ਪੁੱਛਣ
ਅਸੀਂ ਚਪੜਾਸੀ ਪਿੱਛੇ ਵੀ 'ਸਾਹਿਬ' ਲਾਈਏ।

ਪਟਵਾਰੀ ਸਾਹਿਬ, ਨਾਲੇ ਜੇ. ਈ. ਸਾਹਿਬ
ਹੌਲਦਾਰ ਵੀ ਸਾਹਿਬ ਕਹਾਉਂਦਾ ਹੈ,
ਮਾਸਟਰੀ ਵਿੱਚ ਪਬਲਿਕ ਡੀਲਿੰਗ ਨਹੀਂ
ਨਾ ਹੱਸਕੇ ਕੋਈ ਬੁਲਾਉਂਦਾ ਹੈ।

ਸਾਨੂੰ ਕੁਰਸੀ ਤੱਕ ਨਹੀਂ ਦਿੰਦੇ
ਅਸੀਂ ਸਭ ਨੂੰ 'ਚਾਹ' ਪਿਲਾਉਂਦੇ ਹਾਂ,
ਸਰਕਾਰੀ ਕੰਮਾਂ ਲਈ ਥਾਂ-ਥਾਂ ਜਾ
ਅਸੀਂ ਬੇਇੱਜ਼ਤੀ ਖ਼ੂਬ ਕਰਾਉਂਦੇ ਹਾਂ।

ਪੀ. ਟੀ. ਏ., ਪ. ਸ. ਵ. ਕ. ਦੇ ਮੈਂਬਰ ਨੇ
ਹੁਣ ਪਿੰਡ ਵਾਲੇ ਵੀ ਉੱਤੇ ਨੇ,
ਸਕੂਲ ਦੇ ਜੁਆਈ ਕਹਾਉਂਦੇ ਨੇ
ਸਮਝਣ ਸਭ ਪੈਰ ਦੇ ਜੁੱਤੇ ਨੇ।

ਅੱਜ ਭਾਰਤ ਦੇਸ਼ ਦੇ ਵਿਚ ਸਾਰੇ
ਹਾਂ ਵੱਧ ਈਮਾਨ ਦੀ ਕੌਮ ਅਸੀਂ,
ਕੋਈ ਰਿਸ਼ਵਤ ਨਾ ਅਸੀਂ ਖਾਂਦੇ ਹਾਂ
ਪਰ "ਹੈਰੀ, ਡਿੱਕ ਤੇ ਟੌਮ" ਅਸੀਂ।

ਸਾਡਾ ਕਿੱਤਾ ਸਭ ਤੋਂ ਉੱਚਾ ਹੈ
ਪਰ ਮੰਨਣ ਤੋਂ ਹਰ ਕੋਈ ਸੰਗ ਕਰੇ,
ਸਾਰੇ ਸਮਝ ਲੈਣ ਅਧਿਆਪਕ ਜੀ
ਕਿਤੇ ਮਾਣ ਦੀ ਨਾ ਉਹ ਮੰਗ ਕਰੇ।
ਨਾ ਦੁਨੀਆ ਤੋਂ ਮਾਣ ਦੀ ਮੰਗ ਕਰੇ।

ਇਸ ਕਵਿਤਾ ਤੋਂ ਬਾਅਦ ਕੋਈ ਸਤਰਾਂ ਲਿਖਣ ਦੀ ਲੋੜ ਨਹੀਂ। ਮੈਨੂੰ ਲੱਗਦਾ ਹੈ ਕਿ ਜ਼ਿਆਦਾਤਰ ਪਾਠਕ ਇਸ ਗੱਲ ਨਾਲ ਸਹਿਮਤ ਹੋਣਗੇ। ਉੱਪਰੋਂ-ਉੱਪਰੋਂ ਤਾਂ ਬਹੁਤ ਆਦਰ ਸਤਿਕਾਰ ਦਿਖਾ ਦੇਣਗੇ ਜੇ ਕੋਈ ਚੇਲੇ ਮਿਲ ਜਾਂਦੇ ਹਨ ਪਰ ਕੰਮ ਅੰਦਰੋਂ ਦੁਖੀ ਹੋ ਕੇ ਹੀ ਕਰਦੇ ਹਨ ਕਿ ਬਣਨਾ ਬਣਾਉਣਾ ਤਾਂ ਕੁਝ ਹੈ ਨਹੀਂ।

## ਬਾਂਦਰ ਟਪੂਸੀ

ਵਿਗਿਆਨ ਵਾਲਿਆਂ ਨੂੰ ਆਗਿਆ ਕਿਉਂ
ਮਿਲਦੀ ਹੈ ਐੱਮ. ਏ. ਕਰਨ ਲਈ,
ਜਿਹੜੇ ਮਰਜ਼ੀ ਵਿਸ਼ੇ ਦੀ ਕਰ ਲੈਂਦੇ
ਹੱਕ ਹੋਰ ਦੇ, ਛੱਡ ਦੇਣ ਮਰਨ ਲਈ।

ਕਿਉਂ ਵਿਸ਼ੇ ਨੂੰ ਧੋਖਾ ਦਿੰਦੇ ਨੇ
ਜਿਸਦੇ ਨਾਲ ਟੌਰ ਬਣਾਈ ਸੀ,
ਅਸੀਂ ਸਾਇੰਸ ਵਾਲੇ, ਅਸੀਂ ਸਾਇੰਸ ਵਾਲੇ
ਇਹ ਕਹਿ ਕੇ ਧਾਂਕ ਜਮਾਈ ਸੀ।

ਜਦੋਂ ਐੱਮ. ਐੱਸ. ਸੀ. ਔਖੀ ਲੱਗਦੀ
ਫੇਰ 'ਜੌਬ' 'ਚ ਐੱਮ. ਏ. ਕਰ ਲੈਂਦੇ,
ਹੋਰਾਂ ਦੇ ਹੱਕ ਨੇ ਮਰ ਜਾਂਦੇ
ਇਹ ਝੋਲੀ ਆਪਣੀ ਭਰ ਲੈਂਦੇ।

ਕਈ ਪ੍ਰਮੋਸ਼ਨ ਦੀ ਖਾਤਰ ਨੇ
ਜਾਅਲੀ ਹੀ ਡਿਗਰੀਆਂ ਲੈ ਆਉਂਦੇ,
ਕਰ ਨੌਕਰੀ ਹੋ ਗਏ ਰਿਟਾਇਰ ਕਈ
ਕਈ ਅੱਜ ਵੀ ਜੇਬ 'ਚ ਨੋਟ ਪਾਉਂਦੇ।

ਜਾਂ ਰੱਦੀ ਕਿਸੇ ਯੂਨੀਵਰਸਿਟੀ ਤੋਂ,
ਐੱਮ. ਏ. ਕਰ ਢੋਲੇ ਲਾਉਂਦੇ ਨੇ,
ਇੱਕ ਇੱਕ ਪੇਪਰ ਦੇ ਪਾਸ ਹੁੰਦੇ
ਫੇਰ ਲੈਕਚਰਾਰ ਅਖਵਾਉਂਦੇ ਨੇ।

ਇਹ ਹੋਵੇ ਕਾਨੂੰਨ ਇਕ ਵਾਰੀ ਜੋ,
ਕਿਸੇ ਵਿਸ਼ੇ ਨੂੰ ਬੰਦਾ ਚੁਣ ਲਏ ਜੀ,
ਉਸੇ ਵਿਸ਼ੇ ਤਰੱਕੀ ਮਿਲੇ ਉਹਨੂੰ
ਕੋਈ ਅਰਜ਼ ਮੇਰੀ ਇਹ ਸੁਣ ਲਏ ਜੀ।
ਕੋਈ ਅਰਜ਼ ਮੇਰੀ ਇਹ ਸੁਣ ਲਏ ਜੀ।

ਜਿਹੜਾ ਮਰਜ਼ੀ ਸਾਇੰਸ ਦਾ ਅਧਿਆਪਕ ਹੋਵੇ ਲੈਕਚਰਾਰ ਦੀਆਂ ਪੋਸਟ ਆ ਕੇ ਆਰਟਸ ਵਾਲਿਆਂ ਦੀਆਂ ਭਰ ਦਿੰਦਾ ਹੈ। ਸਰਵੇ ਕਰਕੇ ਦੇਖ ਲਓ ਕਿੰਨੀਆਂ ਪੋਸਟਾਂ ਤੇ ਸਾਇੰਸ ਵਾਲੇ ਬੈਠੇ ਹਨ ਅਤੇ ਆਰਟਸ ਵਾਲਿਆਂ ਦੇ ਹੱਕ ਮਰੇ ਹੋਏ ਹਨ।

# ਗ੍ਰੇਡਿੰਗ ਸਿਸਟਮ

ਕਹਿੰਦੇ ਬੱਚਿਆਂ ਤੋਂ ਭਾਰ ਘਟਾ ਦੇਣਾ
ਉਹ 'ਡਿਪਰੈਸ਼ਨ' ਵਿੱਚ ਨੇ ਆ ਜਾਂਦੇ,
ਵੱਧ ਤੋਂ ਵੱਧ ਨੰਬਰ ਲੈਣ ਨੂੰ ਉਹ
ਹਰ ਹੱਦ ਤੋਂ ਪੈਰ ਲੰਘਾ ਜਾਂਦੇ,
'ਗ੍ਰੇਡਿੰਗ' ਨਾਲ ਕਹਿੰਦੇ ਜਾਨ ਨਾ ਹੁਣ
ਸੂਲੀ ਤੇ ਰਹਿਣੀ ਟੰਗੀ,
'ਜਿੱਬਲ' ਪੁੱਤ ਨਾ ਜੰਮੀਏ
ਧੀ ਅੰਨ੍ਹੀ ਚੰਗੀ।

ਮੈਂ ਪੁੱਛਦਾਂ ਜੇ ਸਾਡੀ ਸਿੱਖਿਆ
ਨਾ ਦੱਸ ਸਕਦੀ ਕਿਵੇਂ ਜਿਉਣਾ ਹੈ,
ਕਿਵੇਂ ਸਾਹਮਣਾ ਕਰਨਾ ਮੁਸ਼ਕਿਲ ਦਾ,
ਕਿਵੇਂ ਭਾਰ ਫਰਜ਼ ਦਾ ਢੋਣਾ ਹੈ,
ਤਾਂ ਕੀ ਫਾਇਦਾ ਇਸ ਸਿੱਖਿਆ ਦਾ
ਇਹ ਤਾਂ ਬਿਲਕੁਲ ਹੀ ਬੇਢੰਗੀ,
'ਜਿੱਬਲ' ਪੁੱਤ ਨਾ ਜੰਮੀਏ
ਧੀ ਅੰਨ੍ਹੀ ਚੰਗੀ।

ਜੋ ਮਰ ਜਾਂਦੇ ਵਿਦਿਆਰਥੀ ਨੇ
ਉਹ ਸਿੱਖਿਆ ਕਰਕੇ ਨਹੀਂ ਮਰਦੇ,
ਉਹ ਪੁੱਠੇ ਕੰਮਾਂ ਵਿੱਚ ਪੈ ਕੇ ਨੇ
ਸੋਹਣੀ ਜਾਨ ਨੂੰ ਆਪਣੀ ਹਨ ਹਰਦੇ,
ਕਿਸੇ ਇਸ਼ਕ ਲਈ, ਕਿਸੇ ਨਸ਼ੇ ਲਈ
ਦੇਹ ਖ਼ੂਨ ਨਾਲ ਹੈ ਰੰਗੀ,
'ਜਿੱਬਲ' ਪੁੱਤ ਨਾ ਜੰਮੀਏ
ਧੀ ਅੰਨ੍ਹੀ ਚੰਗੀ।

ਜੇ ਸਿੱਖਿਆ ਦਾ ਭਾਰ ਘਟਾਉਣਾ ਹੈ
ਤਾਂ ਹੋਰ ਕੀ ਰਸਤੇ ਨਹੀਂ ਹਨ ਗੇ,
ਦੱਸੋ ਇੱਕਾਸੀ ਤੇ ਛਿਆਸੀ ਪਰਸੈਂਟ ਵਾਲੇ
ਇੱਕ ਦੂਜੇ ਦੇ ਬਰਾਬਰ ਕਿਵੇਂ ਬਣ ਗਏ,
ਦੱਸੋ ਛਿਆਸੀ ਪਰਸੈਂਟ ਵਾਲੇ ਦੀ ਜਿੰਦ
ਕੀ ਨਹੀਂ ਗਈ ਹੈ ਡੰਗੀ ?
'ਜੱਬਲ' ਪੁੱਤ ਨਾ ਜੰਮੀਏ
ਧੀ ਅੰਨ੍ਹੀ ਚੰਗੀ।

ਇਹ ਕਵਿਤਾ ਮੇਰੀ ਨਾਰਾਜ਼ਗੀ ਪ੍ਰਗਟ ਕਰਦੀ ਹੈ ਸੀ. ਬੀ. ਐੱਸ. ਸੀ. ਦੇ ਗ੍ਰੇਡਿੰਗ ਸਿਸਟਮ ਪ੍ਰਤੀ। ਨਾਲੇ ਤੁਸੀਂ ਸੋਚ ਰਹੇ ਹੋਵੋਗੇ ਕਿ 'ਜੱਬਲ' ਨੂੰ 'ਜਿੱਬਲ' ਕਿਉਂ ਲਿਖਿਆ ਹੈ, ਤੁਸੀਂ ੳ, ਅ, ੲ, ਸ, ਹ.....'ਚੋਂ 'ਜ' ਦੀ ਥਾਂ 'ਤੇ ਕੋਈ ਹੋਰ ਅੱਖਰ ਭਰ ਕੇ ਦੇਖ ਲੈਣਾ ਪਤਾ ਲੱਗ ਜਾਵੇਗਾ। ਜਿਵੇਂ ਜੇਕਰ ਕੋਈ ਨਸ਼ੱਈ ਕਿਸਾਨ ਖੇਤ 'ਚ ਮਰ ਜਾਵੇ, ਤਾਂ ਉਸਨੂੰ ਖੁਦਕੁਸ਼ੀ ਦਾ ਰੂਪ ਦੇ ਦਿੱਤਾ ਜਾਂਦਾ ਹੈ ਅਤੇ ਇਲਜ਼ਾਮ ਬਿਜਲੀ ਬੋਰਡ ਉੱਤੇ ਜਾਂ ਬੈਂਕ ਵੱਲੋਂ ਲਏ ਕਰਜ਼ੇ ਉਤੇ ਲਗਾ ਦਿੱਤਾ ਜਾਂਦਾ ਹੈ, ਉਸੇ ਤਰ੍ਹਾਂ ਵਿਦਿਆਰਥੀ ਮਰੇ ਚਾਹੇ ਕਿਸੇ ਵੀ ਕਾਰਣ ਕਰਕੇ ਪਰ ਇਲਜ਼ਾਮ ਸਿੱਖਿਆ ਦੇ ਭਾਰ ਉੱਪਰ ਲਗਾ ਦਿੱਤਾ ਜਾਂਦਾ ਹੈ। ਮੈਂ ਪੁੱਛਦਾ ਕਿ ਉੱਚਾ ਗ੍ਰੇਡ ਲੈਣ ਲਈ ਕੀ ਟੈਂਸ਼ਨ ਜਾਂ ਡਿਪਰੈਸ਼ਨ ਨਹੀਂ ਹੋਵੇਗਾ ਬੱਚਿਆਂ ਨੂੰ। ਸਾਨੂੰ ਲਕੀਰ ਦੇ ਫਕੀਰ ਬਣਨ ਦੀ ਲੋੜ ਨਹੀਂ ਕਿ ਕੁਝ ਮੁਲਕਾਂ ਵਿਚ ਗ੍ਰੇਡਿੰਗ ਸਿਸਟਮ ਲਾਗੂ ਹੈ ਤਾਂ ਅਸੀਂ ਵੀ ਕਰ ਦੇਈਏ ਬਲਕਿ ਸਾਨੂੰ ਲੋੜ ਹੈ ਵਿਦਿਆਰਥੀਆਂ ਨੂੰ ਨੈਤਿਕ ਅਤੇ ਆਤਮਿਕ ਤੌਰ ਤੇ ਏਨਾ ਮਜ਼ਬੂਤ ਕਰ ਦੇਣ ਦੀ ਕਿ ਉਹ ਤਿਆਰ ਰਹਿਣ ਜ਼ਿੰਦਗੀ ਵਿੱਚ ਆਉਣ ਵਾਲੀ ਹਰ ਮੁਸ਼ਕਿਲ ਦਾ ਸਾਹਮਣਾ ਕਰਨ ਲਈ। ਮੇਰੀ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਚਰਨਾਂ 'ਚ ਬੇਨਤੀ ਹੈ ਕਿ ਉਹ ਨਾ ਲਾਗੂ ਕਰਨ ਇਹ ਗ੍ਰੇਡਿੰਗ ਸਿਸਟਮ।

# ਧੂੰਆਂ ਹੀ ਧੂੰਆਂ

ਕੋਈ ਖੰਘਦਾ ਹੈ ਤਾਂ ਖੰਘੀ ਜਾਵੇ
ਨਾ ਕਿਸੇ ਨੂੰ ਕੋਈ ਫਰਕ ਪਵੇ,
ਸਰਕਾਰ ਵੀ ਕੁਝ ਨਾ ਕਰਦੀ ਹੈ
ਪੰਜਾਬ 'ਚ ਚਾਹੇ ਨਰਕ ਪਵੇ,
ਅੱਗ ਲਾ ਕੇ ਸਾੜਨ ਖੇਤਾਂ ਵਿੱਚ
ਉੱਥੇ ਵਾਧੂ ਰਹਿੰਦ ਜੋ ਬਚ ਜਾਵੇ,
ਇੰਨਾ ਧੂੰਆਂ ਹੋ ਜਾਏ ਹਵਾ ਦੇ ਵਿੱਚ
ਲੋਕਾਂ ਦੇ ਹੱਡੀਂ ਰਚ ਜਾਵੇ।

ਚਾਹੇ ਸਾਹ ਹੋਵੇ, ਚਾਹੇ ਦਮਾ ਹੋਵੇ,
ਕੋਈ ਬੱਚਾ ਸਾਹ ਘੁੱਟ ਮਰ ਜਾਵੇ,
ਧੂੰਏ ਦੇ 'ਸੀਜ਼ਨ' ਤੋਂ ਪਹਿਲਾਂ
ਹਰ ਬੰਦਾ ਦਿਲ ਵਿੱਚ ਡਰ ਜਾਵੇ,
ਪਰ ਫੇਰ ਵੀ ਅੱਗਾਂ ਲੱਗਦੀਆਂ ਨੇ
ਕਿਉਂ ਸਮਝ ਕਿਸੇ ਨਾ ਸੱਚ ਆਵੇ,
ਇੰਨਾ ਧੂੰਆਂ ਹੋ ਜਾਏ ਹਵਾ ਦੇ ਵਿੱਚ
ਲੋਕਾਂ ਦੇ ਹੱਡੀਂ ਰਚ ਜਾਵੇ।

ਕੋਈ ਹੱਲ ਕਰੋ ਇਸ ਧੂੰਏ ਦਾ
ਸਬਸਿਡੀ ਦੇ ਦਿਓ ਫਸਲਾਂ ਤੇ,
ਜੋ ਖਰਚੇ ਤੋਂ ਨਾ ਡਰੇ ਕਿਸਾਨ
ਨਾ ਅਸਰ ਹੋਵੇ ਹੋਰ ਨਸਲਾਂ ਤੇ,
ਬੰਦੇ ਤੇ ਜਾਨਵਰ ਰਹਿਣ ਬਚੇ
ਧਰਤੀ ਵੀ ਸੜਨੋ ਬਚ ਜਾਵੇ,
ਇੰਨਾ ਧੂੰਆਂ ਹੋ ਜਾਏ ਹਵਾ ਦੇ ਵਿੱਚ
ਲੋਕਾਂ ਦੇ ਹੱਡੀਂ ਰਚ ਜਾਵੇ।

ਮਾਲਵੇ ਵਿਚ ਕੈਂਸਰ ਦੇ ਕੇਸਾਂ ਦੀ ਗਿਣਤੀ ਵਧ ਰਹੀ ਹੈ, ਕਿੰਨੇ ਹੀ ਲੋਕ ਸਾਹ ਦੀਆਂ ਬਿਮਾਰੀਆਂ ਤੋਂ ਪੀੜਿਤ ਹੋ ਰਹੇ ਹਨ। ਰੋਕਾਂ ਲਾ-ਲਾ ਸਰਕਾਰ ਨੇ ਦੇਖ ਲਿਆ ਪਰ ਕੋਈ ਅਸਰ ਨਹੀਂ ਹੋਇਆ। ਅੱਗ ਉਵੇਂ ਹੀ ਲਾਈ ਜਾ ਰਹੀ ਹੈ। ਫਸਲ ਤੇ ਸਬਸਿਡੀ ਇਹ ਕਹਿ ਕੇ ਦਿੱਤੀ ਜਾਵੇ ਕਿ ਖੇਤਾਂ ਵਿੱਚ ਅੱਗ ਨਹੀਂ ਲਾਉਣਾ। ਰਹਿੰਦ ਨੂੰ ਵਿੱਚੇ ਵਾਹੁਣ ਦਾ ਜਾਂ ਖੇਤੀ ਮਾਹਿਰਾਂ ਨਾਲ ਗੱਲ ਕਰ ਕੇ ਇਸ ਨੂੰ ਨਿਪਟਾਉਣ ਦਾ ਕੋਈ ਪ੍ਰਬੰਧ ਕੀਤਾ ਜਾਏ ਚਾਹੇ ਕਿਸਾਨਾਂ ਨੂੰ ਕੁਝ ਖਰਚਾ ਹੀ ਕਿਉਂ ਨਾ ਦੇਣਾ ਪਵੇ। ਪਰ ਜੇ ਫੈਕਟਰੀਆਂ ਵਾਲਿਆਂ ਲਈ ਪ੍ਰਦੂਸ਼ਣ ਕੰਟਰੋਲ ਬੋਰਡ ਹੈ ਜੋ ਪੈਸੇ ਕਮਾਉਣ ਲਈ ਪ੍ਰੋਡਕਸ਼ਨ ਕਰਦੇ ਹਨ ਤਾਂ ਫੇਰ ਕਿਸਾਨਾਂ ਲਈ ਕਿਉਂ ਨਹੀਂ ? ਵੋਟਾਂ ਬਾਈ ਜੀ ਵੋਟਾਂ !

## ਨਾੜਾਂ ਵਿੱਚ ਕੀ ਵਗਦਾ ?

ਸਾਡੀ ਨਾੜ ਨਾੜ ਜੋ ਵਗਦਾ ਹੈ
ਉਹਨੂੰ ਗਲਤ ਖ਼ੂਨ ਸਭ ਕਹਿੰਦੇ ਨੇ,
ਉਹਦੇ ਬਿਨਾਂ ਤਾਂ ਜੱਗ ਦੀ ਹੋਂਦ ਨਹੀਂ
ਕੋਈ ਜੀਵ ਨਾ ਬਿਨ ਉਹਦੇ ਰਹਿੰਦੇ ਨੇ,
ਪਤਾ ਨਹੀਂ ਰਸਾਇਣ ਆ ਕਿਹੜੇ
ਅਤੇ ਕਿਥੋਂ ਉਸ ਵਿਚ ਪੈਂਦੇ ਨੇ,
ਫੈਕਟਰੀ ਵਾਲੇ ਕੁਝ ਫਾਇਦੇ ਲਈ
ਗਿਣ ਗਿਣ ਕੇ ਬਦਲੇ ਲੈਂਦੇ ਨੇ,
ਉਹ ਸਭ ਕੁਝ ਵਿੱਚ ਮਿਲਾ ਲੈਂਦਾ
ਉਹਦੇ ਹੌਸਲੇ ਨਾ ਕਦੇ ਢਹਿੰਦੇ ਨੇ,
'ਸ਼ਿਵ' ਨੇ ਸੀ ਰੁੱਖ ਕੀ ਕੀ ਮੰਨਿਆ
ਬਿਨਾਂ ਇਸ ਤੋਂ ਰੁੱਖ ਸੁੱਕ ਬਹਿੰਦੇ ਨੇ,
ਕੋਈ ਲਓ ਬਚਾ ਇਸ 'ਪਾਣੀ' ਨੂੰ
ਨਾਂ ਸੁਣ ਕੇ ਥਕੇਵੇਂ ਲਹਿੰਦੇ ਨੇ।
ਨਾਂ ਸੁਣ ਕੇ ਥਕੇਵੇਂ ਲਹਿੰਦੇ ਨੇ।

ਅੱਖਾਂ ਬੰਦ ਕਰੋ, ਤੇ ਗਹਿਰਾਈ ਨਾਲ ਕਹੋ 'ਪਾਣੀ'! ਮਿਲੀ ਸ਼ਾਤੀ ਕਿ ਨਹੀਂ ? ਨਾਲੇ ਪੀਣ ਲਈ ਦਿਲ ਕਰਿਆ ਕਿ ਨਹੀਂ ? ਪਾਣੀ ਬਾਈ ਜੀ, ਦਾਰੂ ਨਹੀਂ! ਆਓ ਆਪਣਾ ਫਰਜ਼ ਸਮਝੀਏ ਅਤੇ ਪਾਣੀ ਨੂੰ ਬੇਕਾਰ ਜਾਣ ਤੋਂ ਅਤੇ ਪ੍ਰਦੂਸ਼ਿਤ ਹੋਣ ਤੋਂ ਬਚਾਈਏ, ਇਸ ਤੋਂ ਪਹਿਲਾਂ ਕਿ ਬਹੁਤ ਦੇਰ ਹੋ ਜਾਵੇ!

# ਟ੍ਰੈਫਿਕ

ਅਸੀਂ ਫੌਰਨ ਦੇ ਵਿੱਚ ਜਦ ਜਾਂਦੇ
ਉੱਥੇ ਬੰਦੇ ਬਣ ਕੇ ਰਹੀਏ ਜੀ,
ਟ੍ਰੈਫਿਕ ਦੇ ਸਾਰੇ 'ਰੂਲਜ਼' ਨੂੰ ਵੀ
ਅਸੀਂ ਹਾਂ ਜੀ, ਹਾਂ ਜੀ ਕਹੀਏ ਜੀ,
ਪਰ ਭਾਰਤ ਸਾਡਾ ਆਪਣਾ ਦੇਸ਼
ਅਸੀਂ ਇੱਥੇ ਆਜ਼ਾਦ ਕਹਾਉਂਦੇ ਹਾਂ,
ਕੋਈ 'ਰੂਲ' ਨਹੀਂ ਮੰਨਦੇ ਆ ਇੱਥੇ
ਅਸੀਂ ਰੱਜ ਕੇ ਗੰਦ ਵੀ ਪਾਉਂਦੇ ਹਾਂ।

ਚਾਹੇ ਬਾਹਰ ਕਦੇ ਵੀ ਨਹੀਂ ਗਏ
ਅਸੀਂ ਕਿਸੇ ਤੋਂ ਯਾਰੋ ਘੱਟ ਨਹੀਂ,
ਥਾਂ-ਥਾਂ ਤੇ 'ਰੂਲ' ਨੂੰ ਤੋੜਦੇ ਹਾਂ
ਨਹੀਂ ਲੈਂਦੇ 'ਰੂਲਜ਼' ਨੂੰ ਰੱਟ ਨਹੀਂ,
ਜਿੱਥੇ ਜੀਅ ਕਰੇ ਬ੍ਰੇਕ ਹਾਂ ਲਾ ਦਿੰਦੇ
ਵਿੱਚ ਸੜਕ ਦੇ 'ਬਾਈਕ' ਖੜਾਉਂਦੇ ਹਾਂ,
ਕੋਈ ਰੂਲ ਨਾ ਚੇਤੇ ਆਉਂਦਾ ਹੈ
ਅਸੀਂ ਰੱਜ ਕੇ ਗੰਦ ਜੀ ਪਾਉਂਦੇ ਹਾਂ।

ਕੀ ਟ੍ਰੈਫਿਕ ਲਾਈਟਾਂ ਹੁੰਦੀਆਂ ਨੇ
ਅਸੀਂ ਰੋੜਾ ਮਾਰ ਕੇ ਭੰਨ ਦੇਈਏ,
ਐਵੇਂ 'ਟਾਈਮ' ਖਰਾਬ ਕਰਾਉਂਦੀਆਂ ਨੇ
ਅਸੀਂ ਲਾ ਇਹਨਾਂ ਵਿੱਚ ਸੰਨ ਦੇਈਏ,
ਜੇ ਪੁਲਸੀਏ ਹੋਣ ਤਾਂ ਔਖਾ ਹੈ
ਨਹੀਂ ਮੌਜਾਂ ਨਾਲ ਲੰਘਾਉਂਦੇ ਹਾਂ,
ਸਾਡੀ ਗੱਡੀ ਲੰਘ ਜਾਏ ਬਿਨਾਂ ਰੁਕੇ
ਅਸੀਂ ਰੱਜ ਕੇ ਗੰਦ ਜੀ ਪਾਉਂਦੇ ਹਾਂ।

ਸਾਨੂੰ ਦੱਸੋ ਕੌਣ ਸੁਧਾਰ ਦਿਊ
ਪੂਰਵਜ਼ ਤਾਂ ਬਾਂਦਰ ਸਾਡੇ ਨੇ,
ਤੁਸੀਂ ਐਵੇਂ ਰੌਲਾ ਪਾਈ ਜਾਂਦੇ
ਤੁਸੀਂ ਲੱਭੋ ਕੌਣ ਤੁਹਾਡੇ ਨੇ,
ਹੋਰ ਦੇਸ਼ਾਂ ਦੇ ਲੋਕੋ ਖੋਜ ਕਰੋ
ਅਸੀਂ ਬਾਂਦਰ ਤੇ ਹੱਕ ਜਮਾਉਂਦੇ ਹਾਂ,
ਇਹ 'ਰੂਲ, ਰਾਲ' ਕੀ ਹੁੰਦੇ ਨੇ
ਅਸੀਂ ਰੱਜ ਕੇ ਗੰਦ ਜੀ ਪਾਉਂਦੇ ਹਾਂ।

ਇਹ ਕਵਿਤਾ ਉਹਨਾਂ ਵੀਰਾਂ ਨੂੰ ਸਮਰਪਿਤ ਹੈ ਜੋ ਗੱਡੀ ਡ੍ਰਾਈਵ ਕਰਦੇ ਕਰਦੇ ਗਾਲ੍ਹਾਂ ਹੀ ਕੱਢਦੇ ਜਾਂਦੇ ਨੇ। ਕਿਉਂ ਬਾਈ ਜੀ, ਮਿਲੀ ਖੁਸ਼ੀ ਪੜ੍ਹਕੇ ? ਸਾਨੂੰ ਅੰਗਰੇਜ਼ਾਂ ਨੂੰ ਦੇਖ, ਚੀਜ਼ ਖਰੀਦਣ ਦੀ ਅਕਲ ਤਾਂ ਆ ਗਈ ਪਰ ਵਰਤਣ ਦੀ ਨਹੀਂ ਆਈ। ਸ਼ਾਇਦ ਕਦੇ ਆ ਜਾਵੇ !

# ਮੋੜ ਤੇ ਬੈਠੀ ਢਾਣੀ

ਸਰਦੀ ਜਦ ਆਊ ਧੁੰਦਾਂ ਵਿੱਚ
ਅਸੀਂ ਸੜਕ ਤੇ ਧੂਣੀ ਲਾਵਾਂਗੇ,
ਗਰਮੀ ਵਿੱਚ ਲੱਭ ਕੇ ਦਰਖਤ ਕੋਈ
ਅਸੀਂ ਸੜਕ ਤੇ ਮੰਜੀ ਡ੍ਹਾਵਾਂਗੇ।

ਜੇ ਗੱਡੀ ਵਾਲੇ ਨੂੰ ਤਕਲੀਫ਼ ਹੋਵੇ
ਤਾਂ ਹੋਵੇ ਇਸ ਨਾਲ ਸਾਨੂੰ ਕੀ,
ਸਾਡੀ ਢਾਣੀ ਮਾਰਨੇ ਗੱਪ ਜਾਣੇ
ਇਹ ਤਾਂ ਏਦਾਂ ਹੀ ਮੌਜਾਂ ਮਾਣੂਗੀ।

ਕੋਨੇ ਰੱਖੇ ਪੱਥਰ ਤੇ ਬੈਠਾਂਗੇ
ਅਸੀਂ ਅੱਗ ਵੀ ਮੋੜ ਤੇ ਬਾਲ੍ਹਾਂਗੇ,
ਜਿੰਨੇ ਆਉਂਦੇ ਆ ਕੇ ਬੈਠ ਜਾਵਣ,
ਅਸੀਂ ਕਦੇ ਕਿਸੇ ਨਾ ਟਾਲਾਂਗੇ।

ਕੀਹਦੀ ਹਿੰਮਤ ਕੇ ਸਾਨੂੰ ਕੁਝ ਕਹਿ ਜਾਏ
ਅਸੀਂ ਉਦੋਂ ਹੀ ਜਾਤ ਦਿਖਾ ਦੇਣੀ,
'ਲੰਘਾ ਲੈ ਪਰ੍ਹਾਂ ਦੀ' ਕਹਿ ਉਸਨੂੰ
ਅਸੀਂ ਨਾਲੇ ਗਾਲ੍ਹ ਸੁਣਾ ਦੇਣੀ।

ਜੇ ਹੁੰਦੀ ਤਰੱਕੀ ਹੋਈ ਜਾਵੇ
ਅਸੀਂ ਉੱਚੇ ਉੱਠ ਕੇ ਸੋਚਣਾ ਨਹੀਂ,
ਅੱਜ ਸਦੀ ਇੱਕੀਵੀਂ ਚੱਲਦੀ ਐ
ਪਰ ਅੱਗੇ ਵਧਣ ਲਈ ਲੋਚਣਾ ਨਹੀਂ।

ਭਾਵੇਂ 'ਐਕਸੀਡੈਂਟ' ਕਿਉਂ ਨਾ ਹੋ ਜਾਏ
ਅਸੀਂ ਮੋੜ ਤੇ ਖੜ੍ਹਨਾ ਨਹੀਂ ਛੱਡਣਾ,
ਕੋਈ ਮਰਦਾ ਹੈ ਤਾਂ ਮਰ ਜਾਵੇ
ਅਸੀਂ ਵੰਝ ਹੈ ਰੋਜ਼ ਇਹੋ ਗੱਡਣਾ।
ਅਸੀਂ ਵੰਝ ਹੈ ਰੋਜ਼ ਇਹੋ ਗੱਡਣਾ।

ਦੇਸ਼ ਇੱਕੀਵੀਂ ਸਦੀ 'ਚ ਚਲਿਆ ਗਿਆ, ਲੋਕ ਚੰਨ ਤੱਕ ਪਹੁੰਚ ਗਏ, ਬ੍ਰਾਹਮੋਸ ਮਿਜ਼ਾਈਲ ਬਣਾ ਲਈ ਅਤੇ ਭਾਰਤ ਪਹਿਲਾ ਦੇਸ਼ ਬਣ ਗਿਆ ਅਜਿਹੀ ਆਧੁਨਿਕ ਮਿਜ਼ਾਈਲ ਰੱਖਣ ਵਾਲਾ ਪਰ ਮੋੜਾਂ ਵਾਲੇ ਉੱਥੇ ਹੀ ਖੜ੍ਹੇ ਹਨ। ਕੱਚੇ ਰਸਤਿਆਂ ਤੋਂ ਸੜਕਾਂ ਬਣ ਗਈਆਂ ਪਰ ਇਹ ਹਾਲੇ ਵੀ ਰਸਤੇ ਨੂੰ ਆਪਣੇ ਬੁੜ੍ਹੇ ਵਾਲਾ ਹੀ ਸਮਝਦੇ ਹਨ। ਇਹ ਵਧੀਆ ਗੱਲ ਹੈ ਕਿ ਪਿੰਡਾਂ ਵਿੱਚ ਹਾਲੇ ਵੀ ਮਿਲਵਰਤਣ ਹੈ ਪਰ ਮਿਲਵਰਤਣ ਕਿਹੜਾ ਮੋੜ ਤੇ ਖੜ੍ਹ ਬੈਠ ਕੇ ਹੀ ਹੋ ਸਕਦਾ ਹੈ ?

# ਫਾਟਕ ਉੱਪਰ ਦੀ ਲੰਘੋ

ਪਹਿਲਾਂ 'ਟਿਉਂ ਟਿਉਂ' ਕਰਦੇ ਨਿਕਲ ਜਾਂਦੇ
ਕਦੇ 'ਬ੍ਰੇਕ' ਤੇ ਪੈਰ ਨਾ ਧਰਦੇ ਨੇ,
ਚਾਹੇ ਭੀੜ ਹੋਵੇ, ਚਾਹੇ ਜਾਮ ਹੋਵੇ
ਗੱਡੀਆਂ ਨਾ ਹੌਲੀਆਂ ਕਰਦੇ ਨੇ,
ਕੋਈ ਅੱਗੇ ਲੰਘ ਜਾਏ ਇਹਨਾਂ ਤੋਂ
ਇਹ ਗੱਲ ਨਾ ਕਦੇ ਵੀ ਜਰਦੇ ਨੇ,
ਪਾਵਰ ਦੀ ਪੂਰੀ ਲੋਰ ਚੜ੍ਹੀ
ਨਹੀਂ ਕਿਸੇ ਦੇ ਅੱਗੇ ਝੁਕਦੇ ਇਹ,
ਮੈਂ ਪੁੱਛਦਾਂ ਬੱਤੀ ਵਾਲਿਆਂ ਨੂੰ
ਫੇਰ ਫਾਟਕ ਤੇ ਕਿਉਂ ਰੁਕਦੇ ਇਹ।

ਯਾਰੋ ਉਹਨਾਂ ਦੀ ਤਾਂ ਗੱਲ ਵੱਡੀ
ਚੱਲੋ ਉਹ ਤਾਂ ਬੱਤੀਆਂ ਵਾਲੇ ਨੇ,
ਲੱਗੇ ਜਿਵੇਂ ਕਿ ਪੂਛ ਨੂੰ ਅੱਗ ਲੱਗੀ
ਕਈ ਬਿਨਾਂ ਬੱਤੀ ਤੋਂ ਕਾਹਲੇ ਨੇ,
ਇਹ ਜਾਂਦੇ ਜਾਂਦੇ ਦੱਸ ਦਿੰਦੇ
ਜੰਮੇ ਕਾਹਲ 'ਚ, ਕਾਹਲੀ ਵਿੱਚ ਪਾਲੇ ਨੇ,
ਲਾਈਨ ਤੋੜ ਕੇ ਅੱਗੇ ਲੰਘ ਜਾਂਦੇ
ਮਾਰੇ ਪਤਾ ਨਹੀਂ ਕਿਹੜੀ ਠੁੱਕ ਦੇ ਇਹ,
ਕਿਉਂ ਨਹੀਂ ਲੰਘਦੇ ਫਾਟਕ ਉੱਪਰ ਦੀ
ਦੱਸੋ ਫਾਟਕ ਤੇ ਕਿਉਂ ਰੁਕਦੇ ਇਹ।

ਇਹ ਕਾਹਲੇ ਜਾਮ ਲਵਾ ਦਿੰਦੇ
ਜਦ ਗੱਡੀ ਵਿੱਚ ਫਸਾਉਂਦੇ ਨੇ,
ਇੱਕ ਬੱਸਾਂ ਵਾਲੇ ਹੋਰ ਵੀ ਨੇ
ਜੋ ਹਰ ਥਾਂ ਸਿੰਗ ਭਿੜਾਉਂਦੇ ਨੇ,

ਕਹਿੰਦੇ 'ਬੱਦਲ' ਸਿਰ ਤੇ ਉਹਨਾਂ ਦੇ
ਤਾਂ ਹੀ ਬੱਸਾਂ ਖ਼ੂਬ ਭਜਾਉਂਦੇ ਨੇ,
ਭਾਵੇਂ ਮਰਦਾ ਬੰਦਾ ਮਰ ਜਾਵੇ
ਹਨ ਸ਼ੇਰਾਂ ਵਾਂਗੂੰ ਬੁੱਕਦੇ ਇਹ,
ਮੈਂ ਪੁੱਛਦਾ ਇਹਨਾਂ ਸੂਰਮਿਆਂ ਨੂੰ
ਕਿਉਂ ਫਾਟਕ ਤੇ ਫੇਰ ਰੁਕਦੇ ਇਹ।

ਕਿਉਂ, ਲਵਾ ਲਓ ਖੰਭ ਗੱਡੀਆਂ ਅਤੇ ਬੱਸਾਂ ਦੇ ਤੇ ਲੰਘਾ ਲਓ ਫਾਟਕ ਉੱਪਰ ਦੀ! ਜੇਕਰ ਆਰਾਮ ਨਾਲ ਲਾਈਨ 'ਚ ਗੱਡੀ ਲਾ ਲਈਏ ਤਾਂ ਟ੍ਰੈਫਿਕ ਆਸਾਨੀ ਨਾਲ ਲੰਘ ਜਾਊ। ਦੂਜੇ ਨੇ ਵੀ ਤਾਂ ਰੋਡ ਟੈਕਸ ਦਿੱਤਾ ਹੈ, ਉਸਦੇ ਵੀ ਤਾਂ ਕੋਈ ਹੱਕ ਨੇ। ਚਲੋ ਗੱਲ 'ਚੋਂ ਗੱਲ ਨਿਕਲ ਆਈ, ਜਦੋਂ ਸਾਰੇ ਵਹੀਕਲਜ਼ ਦੀ ਰਜਿਸਟ੍ਰੇਸ਼ਨ ਵੇਲੇ ਇਕੱਠਾ ਰੋਡ ਟੈਕਸ ਲੈ ਲੈਂਦੇ ਹਨ ਫੇਰ ਇਹ ਨਵੇਂ ਟੋਲ ਟੈਕਸ ਕਿਉਂ? ਨਾਲੇ ਕਿਸੇ ਨੂੰ ਪੁੱਛਣ ਦੀ ਕੀ ਲੋੜ ਹੈ ਕਿ ਕਿੰਨੀਆਂ ਪਰਚੀਆਂ ਕੱਟੀਆਂ ਗਈਆਂ, ਕਿੰਨਾ ਪੈਸਾ ਇਕੱਠਾ ਹੋ ਗਿਆ ਜਦੋਂ ਜੇਬ ਪੈਸੇ ਪਈ ਜਾਂਦੇ। ਕਿਉਂ ਨੇਤਾ ਜੀ?

## ਅਸੀਂ ਤਾਂ ਸੜਕਾਂ ਵੱਢਾਂਗੇ !

ਸਾਡੀ ਨੀਤ ਨੀ ਭਰਦੀ ਭੋਂਇ ਨਾਲ
ਅਸੀਂ ਮੁਫ਼ਤ 'ਚ ਹੋਰ ਇਹ ਹਾਂ ਲੱਭਦੇ,
ਜਿੰਨੀ ਮਰਜ਼ੀ ਹੋ ਜਾਏ ਫਸਲ ਸਾਡੀ
ਸਾਨੂੰ ਆਪਣੇ ਖੇਤ ਨਹੀਂ ਫੱਬਦੇ,
ਸਾਡੀ ਰੂਹ ਨੂੰ ਤ੍ਰਿਪਤੀ ਦੇਣ ਲਈ
ਅਸੀਂ ਤਾਂ ਵੰਝ ਇਹ ਗੱਡਾਂਗੇ,
ਆਪਣੀ ਨਾਲ ਕੀ ਐ ਬਣਦਾ ਬਾਈ
ਲੋਕਾਂ ਦਾ ਰਸਤਾ ਵੱਢਾਂਗੇ,
ਹਾਂ, ਅਸੀਂ ਤਾਂ ਸੜਕਾਂ ਵੱਢਾਂਗੇ।

ਜ਼ਮੀਨ ਦੀ ਵਾਹੀ ਕਰਨ ਵੇਲੇ
ਟਰੈਕਟਰ ਨਾ ਛੇਤੀ ਮੁੜਦਾ ਹੈ,
ਹਰ ਗੇੜੇ ਰਸਤਾ ਵੱਢਣ ਨੂੰ
ਥੋੜ੍ਹਾ ਅੱਗੇ ਅੱਗੇ ਨੂੰ ਰੁੜਦਾ ਹੈ,
ਸਾਡੇ ਸੀਰੀ, ਪਾਲੀ ਜਾਣਦੇ ਨੇ
ਜੇ ਨਾ ਵੱਢਿਆ ਅਸੀਂ ਕੱਢਾਂਗੇ,
ਆਪਣੀ ਨਾਲ ਕੀ ਐ ਬਣਦਾ ਬਾਈ
ਲੋਕਾਂ ਦਾ ਰਸਤਾ ਵੱਢਾਂਗੇ,
ਹਾਂ, ਅਸੀਂ ਤਾਂ ਸੜਕਾਂ ਵੱਢਾਂਗੇ।

ਸਾਨੂੰ ਕਿਹੜਾ ਰੋਕੂ ਵੱਢਣ ਤੋਂ
ਕਿਹੜਾ ਹੈ ਮਾਈ ਦਾ ਲਾਲ ਦੱਸੋ,
ਕੋਈ ਫਸਦਾ ਖੇਤ 'ਚ ਫਸ ਜਾਵੇ
ਬੱਸ 'ਸੈਡ' ਤੇ ਖੜ੍ਹ ਕੇ ਸਦਾ ਹੱਸੋ,
ਅਸੀਂ ਕਿਸੇ ਸਹਾਇਤਾ ਕੀ ਕਰਨੀ

ਤੀਵੀਂ ਦੇਖ ਕੇ ਬੱਸ ਦੰਦ ਕੱਢਾਂਗੇ,
ਆਪਣੀ ਨਾਲ ਕੀ ਐ ਬਣਦਾ ਬਾਈ
ਲੋਕਾਂ ਦਾ ਰਸਤਾ ਵੱਢਾਂਗੇ,
ਹਾਂ, ਅਸੀਂ ਤਾਂ ਸੜਕਾਂ ਵੱਢਾਂਗੇ।

ਕਿੰਨੀ ਕੁ ਫਸਲ ਨਿਕਲ ਆਉਂਦੀ ਹੈ ਸਰਕਾਰੀ ਰਸਤੇ ਨੂੰ ਖੇਤ ਵਿੱਚ ਮਿਲਾ ਕੇ ? ਇਸ ਨਾਲ ਲੋਕਾਂ ਦੀ ਆਵਾਜਾਈ ਲਈ ਰੱਖਿਆ ਰਸਤਾ ਘੱਟ ਹੋ ਜਾਂਦਾ ਹੈ। ਕਈ ਵਾਰ ਤਾਂ ਜੇ ਅੱਗੇ ਤੋਂ ਟਰੱਕ ਜਾਂ ਕਾਰ ਆ ਜਾਵੇ, ਇੱਕ ਡਰਾਈਵਰ ਨੂੰ ਗੱਡੀ ਬੈਕ ਕਰਨੀ ਪੈ ਜਾਂਦੀ ਹੈ। ਸ਼ਰਮ ਆਉਣੀ ਚਾਹੀਦੀ ਹੈ, ਦੇਸ਼ ਦੇ ਇੰਨੇ ਜ਼ਿਆਦਾ ਅੰਨ ਪੈਦਾ ਕਰਨ ਵਾਲੇ ਰਾਜ ਦੇ ਕਿਸਾਨਾਂ ਨੂੰ!

## ਛੱਪੜ ਅਤੇ ਸ਼ਾਮਲਾਟ

ਅਸੀਂ ਤਿੰਨ ਪਾਸੇ ਕੰਧ ਕੱਢਾਂਗੇ
ਚੌਥੇ ਪਾਸੇ ਰੂੜੀ ਲਾ ਲੈਣੀ,
ਕੂੜੇ ਨਾਲ ਜਿਉਂ ਜਿਉਂ ਭਰਤ ਪਊ
ਦੋ ਪਾਸਿਓਂ ਕੰਧ ਵਧਾ ਲੈਣੀ।

ਅਸੀਂ ਰੋਕ ਲੈਣਾ ਹੈ ਟੋਭੇ ਨੂੰ
ਕੀ ਹੋਇਆ ਜੇ ਪਾਣੀ ਰੁਕ ਜਾਣਾ,
ਆਪੇ ਲੰਘ-ਜਾਊ ਗਲੀਆਂ ਰਸਤਿਆਂ 'ਚੋਂ
ਜਾਂ ਹੌਲੀ-ਹੌਲੀ ਸੁੱਕ ਜਾਣਾ।

ਅਸੀਂ ਸ਼ਾਮਲਾਟ ਵੀ ਰੋਕਾਂਗੇ
ਪਰ ਸਾਨੂੰ ਦੇਖੋ ਕੌਣ ਰੋਕੂ,
ਕਿਹੜਾ ਕਰੇਗਾ ਹਿੰਮਤ ਰੋਕਣ ਦੀ
ਕਿਹੜਾ ਕਾਗਜ਼ਾਂ ਨੂੰ ਆ ਕੇ ਘੋਖੂ।

ਇਹ ਤਾਂ ਲਾਲ ਲਕੀਰ ਦੇ ਅੰਦਰ ਹੈ
ਕਿਹੜਾ ਲੱਭਣਾ ਕਿਤੇ 'ਰਿਕਾਰਡ' ਇਹਦਾ,
ਕਿਹੜਾ ਪਟਵਾਰੀ ਬੋਲੂ ਆ ਕੇ
ਕਿਹੜਾ ਕਾਨੂੰਗੋ ਲਿਆਊ ਹਿਸਾਬ ਇਹਦਾ?

ਪਰ ਯਾਦ ਰਹੇ ਇਹ ਗੱਲ ਸਭ ਨੂੰ
ਇਹਦਾ ਕੋਈ ਵੀ ਨਹੀਂ ਸਬੂਤ ਚਾਹੇ,
ਇਹਨਾਂ ਨੂੰ ਰੋਕ ਕੋਈ ਫਲਿਆ ਨਹੀਂ
ਹੋਵੇ ਰੱਬ ਦਾ ਕਿਉਂ ਨਾ ਦੂਤ ਚਾਹੇ।

ਛੱਪੜਾਂ ਜਾਂ ਪਿੰਡਾਂ ਦੇ ਟੋਭਿਆਂ ਦੇ ਕਿਨਾਰੇ ਬਣੇ ਘਰਾਂ 'ਚ ਰਹਿਣ ਵਾਲੇ ਲੋਕਾਂ ਨੇ ਜਿੰਨੀ ਬੇਸ਼ਰਮੀ ਧਾਰੀ ਹੈ, ਉਨੀਂ ਸ਼ਾਇਦ ਹੀ ਕਿਸੇ ਨੇ ਧਾਰੀ ਹੋਵੇ। ਉਹਨਾਂ ਦੇ ਛੱਪੜ ਵਾਲੇ ਪਾਸੇ ਕਦੇ ਕੰਧ ਨਹੀਂ ਹੁੰਦੀ। ਅਧਿਕਾਰੀ ਸੁੱਤੇ ਦੇ ਸੁੱਤੇ! ਟੋਭੇ ਸਾਰੇ ਭਰ ਭਰ ਕੇ ਘਰਾਂ 'ਚ ਮਿਲਾ ਲਏ ਜਿਹੜੇ ਜ਼ਮੀਨੀ ਪਾਣੀ ਦੇ ਸੰਤੁਲਨ ਨੂੰ ਬਣਾਈ

ਰੱਖਣ ਵਾਲੇ ਸਾਧਨਾਂ 'ਚੋਂ ਇੱਕ ਮਹੱਤਵਪੂਰਨ ਸਾਧਨ ਸਨ। ਲੋਕਾਂ ਨੇ ਸਾਰੀ ਜ਼ਮੀਨ ਰੋਕ ਲਈ ਇਹ ਜ਼ਮੀਨ ਰੋਕਣ ਦੀ ਪ੍ਰਵਿਰਤੀ ਸਿਰਫ਼ ਪਿੰਡਾਂ ਵਿੱਚ ਹੀ ਨਹੀਂ ਸਗੋਂ ਚੰਡੀਗੜ੍ਹ ਵਰਗਾ ਸ਼ਹਿਰ ਵੀ ਇਸ ਤੋਂ ਨਹੀਂ ਬਚਿਆ। ਉੱਥੇ ਵੀ ਲੋਕ ਆਪਣਾ ਦਾਅ ਚਲਾ ਹੀ ਜਾਂਦੇ ਹਨ। ਗੱਲ 'ਚੋਂ  ਗੱਲ ਨਿਕਲ ਆਈ, ਕਈ ਸੜਕਾਂ ਦੇ ਕਿਨਾਰੇ ਤੇ ਲੋਕ ਗੁਰਦੁਆਰੇ, ਮੰਦਿਰ ਬਣਾ ਦਿੰਦੇ ਹਨ। ਸਰਕਾਰ ਜਾਂ ਅਧਿਕਾਰੀ ਪਹਿਲਾਂ ਕੋਈ ਧਿਆਨ ਨਹੀਂ ਦਿੰਦੇ ਅਤੇ ਜਦੋਂ ਸੜਕ ਚੌੜੀ ਕਰਨ ਦੀ ਲੋੜ ਪੈਂਦੀ ਹੈ ਤਾਂ ਧਾਰਮਿਕ ਮੁੱਦਾ ਖੜ੍ਹਾ ਹੋ ਜਾਂਦਾ ਹੈ। ਕੋਈ ਜਗਾਓ ਯਾਰ ਇਹਨਾਂ ਸੁੱਤੇ ਪਏ ਅਧਿਕਾਰੀਆਂ ਨੂੰ!  ਹਾਂ ਸੱਚ, ਜੋ ਲੋਕ ਮੈਨੂੰ ਨਿੱਜੀ ਤੌਰ ਤੇ ਜਾਣਦੇ ਹਨ ਉਹ ਕਹਿਣਗੇ ਕਿ ਆਪ ਵੀ ਤਾਂ ਗਲੀ ਛੱਤ ਰੱਖੀ ਹੈ। ਉਹਨਾਂ ਨੂੰ ਮੈਂ ਕਹਿਨਾਂ ਕਿ ਜਿੰਨੀ ਗਲੀ ਛੱਤੀ ਹੈ ਉਸ ਨਾਲੋਂ ਪੰਜ ਛੇ ਗੁਣਾ ਆਪਣੀ ਜਗ੍ਹਾ ਘਰ ਨਾਲ ਲੋਕਾਂ ਅਤੇ ਆਪਣੀ ਵਰਤੋਂ ਲਈ ਖੁਲ੍ਹੀ ਛੱਡ ਰੱਖੀ ਹੈ। ਕੁਝ ਕਹਿਣ ਤੋਂ ਪਹਿਲਾਂ ਉਹ ਵੀ ਦੇਖ ਲੈਣਾ!

## ਸੜਕ ਦਾ ਪ੍ਰਾਹੁਣਾ ਟ੍ਰੈਕਟਰ

ਖੇਤ 'ਚ ਚਾਹੇ ਸਾਰਾ ਭਰ ਜਾਏ
ਟ੍ਰੈਕਟਰ ਮੇਰਾ ਗਾਰੇ ਨਾਲ,
ਮਹੀਨਾ ਮਹੀਨਾ ਨਾ ਧੋਵਾਂ ਮੈਂ
ਲਿੱਬੜੇ ਨੂੰ ਕਿਸੇ ਫੁਹਾਰੇ ਨਾਲ,
ਪਰ ਜਦ ਸੜਕ ਦੇ ਉੱਤੇ ਚੱਲੇ
ਕੱਚੇ ਵਿਚ ਨਹੀਂ ਲਾਹੁਣਾ ਇਹ,
ਰਾਹ ਨੀ ਦੇਣਾ ਕਿਸੇ ਨੂੰ ਆਪਾਂ
ਜਿਉਂ ਸੜਕ ਦਾ ਹੋਵੇ ਪ੍ਰਾਹੁਣਾ ਇਹ।

ਕਾਰ ਵਾਲੇ ਦਾ ਨਹੀਂ ਹੈ ਸੁਣਨਾ
ਆਪਾਂ ਕਦੇ ਵੀ ਹਾਰਨ ਜੀ,
ਪਿੱਛੇ ਸਾਡੇ ਆਉਂਦੇ ਆਉਂਦੇ
ਲੱਖ ਵਾਰ ਚਾਹੇ ਮਾਰਨ ਜੀ,
ਕਾਰ ਵਾਲੇ ਨੂੰ ਰਸਤਾ ਦੇ ਕੇ
ਨੀਵਾਂ ਨਹੀਂ ਵਿਖਾਉਣਾ ਇਹ,
ਰਾਹ ਨਹੀਂ ਦੇਣਾ ਕਿਸੇ ਨੂੰ ਆਪਾਂ
ਜਿਉਂ ਸੜਕ ਦਾ ਹੋਵੇ ਪ੍ਰਾਹੁਣਾ ਇਹ।

ਰਸਤਾ ਦੇ ਕੇ, ਪਿੱਛੇ ਲੱਗ ਕੇ,
ਮੁੱਛ ਨਾ ਕੌਮ ਦੀ ਝੁਕਣ ਦੇਣੀ,
ਦੁਨੀਆ ਜਾਣਦੀ ਅਕਲ ਨੂੰ ਸਾਡੀ
ਵਰਤ ਵਰਤ ਨਹੀਂ ਮੁੱਕਣ ਦੇਣੀ,
ਛੋਟੀ ਗੱਲ ਤੇ, ਨਾ ਭੜਕ ਕੇ
ਮਾਣ ਨਹੀਂ ਕਦੇ ਗਵਾਉਣਾ ਇਹ,
ਰਾਹ ਨਹੀਂ ਦੇਣਾ ਕਿਸੇ ਨੂੰ ਆਪਾਂ
ਜਿਉਂ ਸੜਕ ਦਾ ਹੋਵੇ ਪ੍ਰਾਹੁਣਾ ਇਹ।

ਚੌੜੀਆਂ ਸੜਕਾਂ ਤੇ ਤਾਂ ਕਿਥੋਂ ਦਾ ਮਰਜ਼ੀ ਜ਼ੋਰ ਲਗਾ ਲੈਣ ਲੋਕ ਅੱਗੇ ਲੰਘ ਹੀ ਜਾਂਦੇ ਹਨ ਪਰ ਜੇ ਸੜਕ ਤੰਗ ਹੈ ਤਾਂ ਮਜ਼ਾਲ ਹੈ ਕਿ ਇਹ ਟ੍ਰੈਕਟਰ ਹੌਲੀ

ਕਰਕੇ ਹੇਠਾਂ ਉਤਾਰ ਲੈਣ ਸੜਕ ਤੋਂ, ਦੂਜੇ ਨੂੰ ਰਸਤਾ ਦੇਣ ਲਈ। ਸੜਕ ਦੇ ਅਸੂਲਾਂ ਨੂੰ ਭੁੱਲ ਕੇ ਇਹਨਾਂ ਨੂੰ ਪਤਾ ਨਹੀਂ ਕਿਹੜੀ ਮੁੱਛ ਦਾ ਸਵਾਲ ਯਾਦ ਆ ਜਾਂਦਾ ਹੈ? ਗੱਲ, 'ਚੋਂ ਗੱਲ ਨਾਲੇ ਖੇਤ ਜਾਣ ਲਈ ਜਿਨ੍ਹਾਂ ਨੂੰ ਸੜਕ ਤੋਂ ਜਾਣਾ ਪੈਂਦਾ ਹੈ ਉਹ ਸੁਹਾਗੇ ਅਤੇ ਤਵੀਆਂ (ਡਿਸਕ ਹੈਰੋ) ਨਾਲ ਕਰੋੜਾਂ ਦੀ ਲਾਗਤ ਨਾਲ ਬਣੀ ਸੜਕ ਤੋੜ ਦਿੰਦੇ ਹਨ ਜਾਂ ਖੇਤਾਂ 'ਚੋਂ ਕੱਖ (ਨਦੀਨ) ਕੱਢ-ਕੱਢ ਕੇ ਸੜਕਾਂ ਦੇ ਕੰਢੇ ਉੱਤੇ ਲਾ ਦਿੰਦੇ ਹਨ ਜਿਸ ਨਾਲ ਪਾਣੀ ਖੜ੍ਹ ਜਾਂਦਾ ਹੈ। ਖੜ੍ਹਾ ਪਾਣੀ ਸੜਕ ਦਾ ਸਭ ਤੋਂ ਵੱਡਾ ਦੁਸ਼ਮਣ ਹੈ ਅਤੇ ਸੜਕ ਟੁੱਟ ਜਾਂਦੀ ਹੈ। ਫੇਰ ਇਹਨਾਂ ਉੱਤੇ ਤਾਂ ਲਾਉਂਦਾ ਨਹੀਂ ਕੋਈ ਟੋਲ ਟੈਕਸ। ਲਓ 'ਗੱਲ 'ਚੋਂ ਗੱਲ' 'ਚੋਂ ਇੱਕ ਹੋਰ ਗੱਲ। ਨਵੀਆਂ ਸੜਕਾਂ ਉੱਤੇ ਮਹਿਕਮੇ ਵਾਲਿਆਂ ਵੱਲੋਂ ਇੱਕ ਆਇਤਾਕਾਰ ਡੂੰਘਾ ਕੱਟ ਜਿਹਾ ਲਾਇਆ ਜਾਂਦਾ ਹੈ, ਸੜਕ ਤੇ ਪਾਏ ਮਟੀਰੀਅਲ ਦੀ ਮੋਟਾਈ ਟੈਸਟ ਕਰਨ ਲਈ। ਉਹਨੂੰ ਭਰਵਾਉਣ ਦੀ ਤਕਲੀਫ ਨਹੀਂ ਕਰਦੇ। ਪਾਣੀ ਖੜ੍ਹਦਾ ਹੈ ਤੇ ਲਓ ਟੋਆ!

## ਮਹਿੰਗਾਈ

ਦੇਖੋ ਵਧ ਗਈਆਂ ਬਹੁਤ ਕੀਮਤਾਂ
ਸਰਕਾਰ ਤੋਂ ਕਾਬੂ ਨਹੀਂ ਹੁੰਦਾ,
ਮਹਿੰਗਾਈ ਵਾਲਾ ਜਿੰਨ ਇਹਨਾਂ ਤੋਂ
ਪੈਰਾਂ ਨਾਲ ਦਾਬੂ ਨਹੀਂ ਹੁੰਦਾ।

ਪਤਾ ਨਹੀਂ ਕਿਉਂ ਨਾ ਦਿਖੇ ਇਹਨਾਂ ਨੂੰ
ਕੰਪਨੀਆਂ ਖਰਚੇ ਕਰਨ ਜੋ ਵਾਧੂ,
ਕੋਈ ਨਾ ਕਰਦਾ 'ਰੇਡ' ਇਹਨਾਂ ਤੇ
ਜਾਨਣ ਪਤਾ ਨਹੀਂ ਕਿਹੜਾ ਜਾਦੂ।

ਉਡਾਉਣ 'ਐਡ' ਤੇ ਰੱਜ ਕੇ ਪੈਸੇ
ਕਰੋੜਾਂ 'ਚ ਵੰਡਣ 'ਤਾਰਿਆਂ' ਨੂੰ,
ਜੇਬ 'ਚੋਂ ਨਿਕਲਣ ਆਮ ਬੰਦੇ ਦੀ
ਕੌਣ ਸਾਂਭੇ ਕਿਸਮਤ ਦੇ ਮਾਰਿਆਂ ਨੂੰ।

ਵੀਹ ਵੀਹ ਲੱਖ ਦੇ 'ਪੈਕੇਜ਼' ਦਿੰਦੇ
ਕੋਈ ਪੁੱਛੇ ਕੀ ਘੱਟ ਨਹੀਂ ਦੇ ਸਕਦੇ,
ਐਡਾ ਕੀ ਕਾਮੇ ਕੰਮ ਨੇ ਕਰਦੇ
ਕਿਉਂ ਇੰਨੇ ਧਨੀ ਨੇ ਉਹ 'ਲੱਕ' ਦੇ।

'ਆਈ. ਪੀ. ਐੱਲ' ਦੀਆਂ ਟੀਮਾਂ ਖਰੀਦਣ
ਅਰਬਾਂ ਖਰਬਾਂ ਦੇਣ ਲੁਟਾ,
ਫੂਕ ਦੇਣ ਗਰੀਬਾਂ ਦਾ ਪੈਸਾ
ਹੱਸ ਕੇ ਇਹ ਭੱਠੀ ਵਿਚ ਪਾ।

ਸਰਕਾਰ ਨੂੰ ਨੀਯਤ ਕਰਨੀ ਚਾਹੀਦੀ
ਸਾਲ ਦੀ ਵੱਧ ਤੋਂ ਵੱਧ ਕਮਾਈ,
ਉਸ ਤੋਂ ਵੱਧ ਜੇ ਕੋਈ ਕਮਾਵੇ
ਸਰਕਾਰ ਨਾਲ ਹੋਵੇ ਅੱਧ ਵੰਡਾਈ।

'ਐਡ' ਤੇ ਖਰਚ ਵੀ ਹੋਵੇ ਨੀਯਤ
ਤਾਂ ਜੋ ਕੰਪਨੀ ਰੇਟ ਘਟਾਵੇ,
ਤੇਲ, ਸਾਬਣ ਤੇ ਰੋਟੀ ਕੱਪੜਾ
ਲੈਣਾ ਗਰੀਬ ਦੇ ਵਸ ਵਿਚ ਆਵੇ।

ਦੇਖੂੰ ਕਿਉਂ ਨਾ ਘਟਣ ਕੀਮਤਾਂ
ਸਰਕਾਰ ਇਹੋ ਜਿਹੇ ਕਦਮ ਜੇ ਚੁੱਕੇ,
ਗਰੀਬ ਲਾਉਣਗੇ ਹੱਕ 'ਚ ਨਾਅਰੇ
ਕੋਈ ਨਾ ਇਸਦੇ ਮੂੰਹ 'ਤੇ ਥੁੱਕੇ।

ਮਹਿੰਗਾਈ ਮਹਿੰਗਾਈ ਕਰੀ ਜਾਂਦੇ ਨੇ। ਕਿਉਂ ਨੀ ਕੰਟਰੋਲ ਕਰਦੇ ਲੋੜ ਤੋਂ ਵੱਧ ਤਨਖਾਹਾਂ ਪ੍ਰਾਈਵੇਟ ਸੈਕਟਰ ਦੀਆਂ, ਲੋੜ ਤੋਂ ਵੱਧ ਖਰਚੇ 'ਐਡ' ਤੇ, ਲੋੜ ਤੋਂ ਵੱਧ ਖਰਚੇ ਵਾਧੂ ਕੰਮਾਂ ਤੇ। ਹਿੱਸਾ ਮਿਲਦਾ ਹੋਵੇਗਾ ਹੋਰ ਕੀ ਕਾਰਣ ਹੋ ਸਕਦਾ ਹੈ, ਉਹੀ ਪਾਰਟੀ ਫੰਡ! ਨਾਲੇ ਪ੍ਰਾਈਵੇਟ ਕੰਪਨੀਆਂ ਦੀ ਕਮਾਈ ਦੀ ਇੱਕ ਹੱਦ ਨਿਰਧਾਰਿਤ ਕਰਨ ਅਤੇ ਉਸਤੋਂ ਉੱਪਰ ਜੇ ਕੋਈ ਕਮਾਉਣਾ ਚਾਹੇ ਤਾਂ ਅੱਧੀ ਕਮਾਈ ਸਰਕਾਰੀ ਖਾਤੇ 'ਚ ਜਾਵੇ। ਦੇਖਦਿਆਂ ਕਿਵੇਂ ਨੀ ਘਟਦੀ ਮਹਿੰਗਾਈ ਅਤੇ ਕਿਵੇਂ ਨਹੀਂ ਭਰਦੇ ਖਜ਼ਾਨੇ ਜੇ ਇਹ ਇਮਾਨਦਾਰੀ ਨਾਲ ਲਾਗੂ ਹੋਵੇ!

## ਕੌੜੀ ਦਵਾਈ

ਬਿਨਾਂ ਦਵਾਈ ਜੇ ਕੋਈ ਮਰਦਾ
ਮਰ ਜਾਵੇ ਸਰਕਾਰ ਨੂੰ ਕੀ,
ਅੰਨ੍ਹੀ ਕਮਾਈ ਜੇ ਕੋਈ ਕਰਦਾ
ਕਰ ਜਾਵੇ ਸਰਕਾਰ ਨੂੰ ਕੀ।

ਸਰਕਾਰ ਨੀ ਪੁੱਛਦੀ ਕੀ ਲਾਗਤ ਹੈ
ਅਤੇ ਕੀ ਲੱਗਦਾ 'ਪ੍ਰੋਡਕਸ਼ਨ' ਤੇ,
ਦਸ, ਵੀਹ ਕੀ ਚਾਹੇ ਜਾਣ ਹਜ਼ਾਰਾਂ
ਪਹੁੰਚ ਮੌਤ ਦੇ ਜੰਕਸ਼ਨ ਤੇ।

ਪਤਾ, ਪਹੁੰਚਦਾ ਇਹਨਾਂ ਨੂੰ ਵੀ
ਵਿੱਚੋਂ ਹੀ ਹਿੱਸਾ ਪੱਤੀ ਹੈ,
ਤਾਂ ਹੀ ਤਾਂ ਸਭ ਜਾਣ ਕੇ ਵੀ
ਸਰਕਾਰ ਰਹਿੰਦੀ ਸਦਾ ਸੁੱਤੀ ਹੈ।

ਦਸ ਵੀਹ 'ਪਰਸੈਂਟ' ਨਾਲ ਨਾ ਸਰਦਾ,
ਕਈ ਸੌ ਗੁਣਾ ਕਮਾਉਂਦੇ ਨੇ,
ਕੋਈ ਨਹੀਂ ਪੁੱਛਦਾ ਜਾ ਇਹਨਾਂ ਨੂੰ
ਕਿੰਨੀ ਦੇਖੋ ਲੁੱਟ ਮਚਾਉਂਦੇ ਨੇ।

ਅੱਸੀ ਰੁਪਈਏ ਮੁੱਲ ਦੀ ਗੋਲੀ
ਮਿਲਦੀ ਵੀਹ ਦੀ ਜਾਣੂ ਨੂੰ,
ਉਪਰਾ ਬੰਦਾ ਜੇਬ ਕਟਾਉਂਦਾ
ਹੇਠਾਂ ਨਾ ਆਉਂਦਾ ਕਾਹਨੂੰ 'ਤੂੰ'?

ਬੱਸ ਉਹੀ ਗੱਲ ਹੈ-ਤਨਖਾਹਾਂ, ਐਡਜ਼, ਵਾਧੂ ਖਰਚੇ, ਡਾਕਟਰਾਂ ਦੇ ਕਮਿਸ਼ਨ, ਇਹੀ ਕਾਰਣ ਕਰਕੇ ਮਹਿੰਗੀ ਹੈ ਦਵਾਈ। ਨਹੀਂ ਤਾਂ ਪ੍ਰੋਡਕਸ਼ਨ ਖਰਚੇ ਤਾਂ ਸਰਕਾਰ ਵੀ ਜਾਣਦੀ ਹੀ ਹੈ। ਉਪਰੋਂ ਕੈਮਿਸਟਾਂ ਨੂੰ 50 ਤੋਂ 70 ਪ੍ਰਤੀਸ਼ਤ ਤੱਕ ਕਮਾਈ। ਹੁਣ ਇਹ ਨਾ ਕਿਹੋ ਕਿ ਕਿੱਥੇ! ਕਈ ਦਵਾਈਆਂ ਵਿੱਚ ਤਾਂ ਹੈ ਹੀ ਯਾਰ।

## ਧੋਖਾ ਕਿਸ ਨਾਲ ?

ਜਦ ਕੋਈ ਬੰਦਾ ਰਿਸ਼ਵਤ ਖਾਵੇ
ਧੋਖਾ ਕਿਸ ਦੇ ਨਾਲ ਕਮਾਵੇ ?
ਦੱਸੋ, ਸੋਚੋ, ਕੀ ਸਰਕਾਰ ਨਾਲ
ਕੀ ਆਪਣੇ ਮਹਿਕਮੇ ਦੇ ਨਾਲ!
ਨਹੀਂ, ਇੱਕੋ ਬੰਦਾ ਹੈ ਜਿਸਦੇ ਨਾਲ
ਧੋਖਾ ਉਹ ਕਮਾਉਂਦਾ ਹੈ,
ਹੰਝੂ ਰੂਹ ਦੀਆਂ ਅੱਖਾਂ ਵਿੱਚੋਂ
ਜਿਸਦੇ ਉਹ ਵਹਾਉਂਦਾ ਹੈ।

ਕਿਉਂ ਧੋਖਾ ਇਹ ਅਫਸਰਾਂ ਨਾਲ ਨਹੀਂ
ਤੇ ਸਰਕਾਰ ਦੇ ਨਾਲ ਕੋਈ ਚਾਲ ਨਹੀਂ ?
ਦੱਸੋ, ਸੋਚੋ, ਕਿਉਂਕਿ ਇਹ ਤਾਂ ਆਪ
ਰੋਜ਼ ਕਮਾਉਂਦੇ ਇਹੀ ਪਾਪ।
ਸੋ ਇਕੋ ਬੰਦਾ ਹੈ ਜਿਸਦੇ ਸੀਨੇ
ਰਿਸ਼ਵਤਖੋਰ ਤੀਰ ਚਲਾਉਂਦਾ ਹੈ,
ਹੰਝੂ, ਰੂਹ ਦੀਆਂ ਅੱਖਾਂ ਵਿੱਚੋਂ
ਜਿਸਦੇ ਉਹ ਵਹਾਉਂਦਾ ਹੈ।

ਕਿਉਂ ਨਹੀਂ ਸੁਰਗੀਂ ਉਹ ਰੋਏਗਾ
ਹੰਝੂਆਂ ਦੇ ਨਾਲ ਪਾਪ ਧੋਏਗਾ ?
ਦੱਸੋ, ਸੋਚੋ, ਕੌਣ ਉਹ ਬੰਦਾ
ਜਿਸਨੂੰ ਇਹ ਨਾ ਭਾਵੇ ਧੰਦਾ!
ਹੋਰ ਨਾ ਕੋਈ ਬਾਬਾ ਸਾਹਿਬ ਹੈ

ਜਿਸ ਸੰਵਿਧਾਨ ਰਚਾਇਆ ਹੈ,
ਪਰ ਹਰ ਰਿਸ਼ਵਤਖੋਰ ਨੇ ਦੇਖੋ
ਸੰਵਿਧਾਨ ਨਾਲ ਧੋਖਾ ਕਮਾਇਆ ਹੈ।
ਸੰਵਿਧਾਨ ਨਾਲ ਧੋਖਾ ਕਮਾਇਆ ਹੈ।

ਕਲਰਕ ਖਾਂਦੈ, ਅਫਸਰ ਖਾਂਦੈ, ਵੱਡਾ ਅਫਸਰ ਖਾਂਦੈ, ਸਰਕਾਰ ਖਾਂਦੀ ਹੈ ਫੇਰ ਧੋਖਾ ਕਿਸਨੂੰ ਦਿੰਦੇ ਨੇ ਇਹ ਸਾਰੇ? ਦੇਸ਼ ਦੇ ਸੰਵਿਧਾਨ ਨੂੰ ਜਾਂ ਦੇਸ਼ ਨੂੰ। ਸੰਵਿਧਾਨ ਹੀ ਹੈ ਜਿਹੜਾ ਝੱਲੀ ਜਾਂਦੈ ਸਾਰਿਆਂ ਦੇ ਦਿੱਤੇ ਧੋਖਿਆਂ ਨੂੰ। ਕੌਣ ਲਗਾਏਗਾ ਕੋਈ ਮੱਲ੍ਹਮ ਸੰਵਿਧਾਨ ਅਤੇ ਬਾਬਾ ਸਾਹਿਬ ਦੇ ਦਿਲ ਦੇ ਜ਼ਖ਼ਮਾਂ ਤੇ?

## ਅਪਲਿਫਟਮੰਟ

ਜੇ ਸਰਕਾਰੀ ਸਕੂਲ 'ਚ ਪੜ੍ਹਦਾ
ਫਾਇਦਾ ਕੁੱਝ ਹੋ ਜਾਣਾ ਸੀ,
ਪ੍ਰਾਈਵੇਟ ਤੋਂ ਆਪਾਂ ਦਸਵੀਂ ਕੀਤੀ
ਇਹ ਬਾਪੂ ਦਾ ਭਾਣਾ ਸੀ।

ਬਾਪੂ ਜੀ ਨੇ ਅਫ਼ਸਰ ਲੱਗੇ
ਐਵੇਂ ਵਜ਼ੀਫਾ ਕੀ ਲੈਣਾ,
ਟੌਰ੍ਹ ਬਾਪੂ ਦੀ ਰੁਲ ਜਾਣੀ ਸੀ
ਲੋਕਾਂ ਨੇ ਸੀ ਕੀ ਕਹਿਣਾ।

ਜਦ ਕਾਲਜ ਵਿੱਚ ਦਾਖਲ ਹੋਇਆ
ਪਹਿਲਾ ਫਾਇਦਾ ਮਿਲਿਆ ਸੀ,
ਵੱਧ ਨੰਬਰਾਂ ਵਾਲੇ ਪਿੱਛੇ ਰਹਿ ਗਏ
ਪਰ ਦਿਲ ਆਪਣਾ ਖਿਲਿਆ ਸੀ।

ਕਰਕੇ ਡਿਗਰੀ ਬਾਹਰ ਆਏ ਜਦ
ਨੌਕਰੀ ਦੀ ਵਾਰੀ ਆਈ,
ਘੱਟ ਪੜ੍ਹੇ ਪਰ ਮੌਜਾਂ ਲੱਗੀਆਂ
ਨੌਕਰੀ ਪਹਿਲ ਤੇ ਮੈਂ ਪਾਈ।

ਸਟੇਸ਼ਨ ਚੁਨਣ 'ਚ ਵੀ ਮੂਹਰੇ ਸੀ
ਮਨ ਚਾਹਿਆ ਸਟੇਸ਼ਨ ਲੈ ਲਿਆ,
ਤੀਜਾ ਫਾਇਦਾ ਮਿਲਿਆ ਯਾਰੋ
ਦੂਜਿਆਂ ਨੇ ਹੱਸ ਕੇ ਸਹਿ ਲਿਆ।

ਚੌਥੀ ਵਾਰੀ ਫੇਰ ਆ ਗਈ
ਜਦ ਪ੍ਰਮੋਸ਼ਨ ਲਈ ਆਪਾਂ,
ਅਫ਼ਸਰ ਬਣ ਗਏ ਛੇਤੀ ਹੀ
ਧੋ ਗਈ ਸਾਡੇ ਸਭ ਪਾਪਾਂ।

ਉੱਚੀ ਥਾਂ ਤੇ ਆਪਾਂ ਪਹੁੰਚੇ
ਬੱਚਿਆਂ ਦੀ ਵਾਰੀ ਆਈ,
ਅਪਲਿਫਟਮੰਟ ਹਾਲੇ ਨਹੀਂ ਹੋਈ
ਭਾਵੇਂ ਨੋਟਾਂ ਦੀ ਢੇਰੀ ਲਾਈ।

ਰੱਬ ਕਰੇ ਇਹ ਚੱਲਦਾ ਜਾਵੇ
ਚਾਹੇ ਡੀ. ਸੀ. ਸਾਰੇ ਬਣ ਜਾਈਏ,
ਰੋਕਣ ਦੀ ਜੇ ਕੋਈ ਗੱਲ ਕਰੇ
ਖੜ੍ਹ ਚੁੱਕ ਕੇ ਆਪਣਾ ਫਣ ਜਾਈਏ।

ਕਈ ਵਾਰੀ ਤਾਂ ਹੈ ਇੰਝ ਹੁੰਦਾ
ਕੋਈ ਮਾਸਟਰ ਕਿਸੇ ਪੜ੍ਹਾਉਂਦਾ ਹੈ,
ਉਹੀ ਬੱਚਾ ਉਸੇ ਸਕੂਲ 'ਚ
ਪ੍ਰਿੰਸੀਪਲ ਬਣਕੇ ਆਉਂਦਾ ਹੈ।

ਹਰ ਥਾਂ ਲਾਭ ਕੀ ਸੁੱਖਿਆ ਹੋਇਆ
ਜ਼ਰਾ ਗੱਲ ਕੋਈ ਸਮਝਾਵੇ ਇਹ,
ਅੰਨ੍ਹੀ ਸਰਕਾਰ ਹੈ ਹੋਈ ਪਈ
ਬੱਸ ਵੋਟਾਂ ਪਿੱਛੇ ਜਾਵੇ ਇਹ,
ਕੀ ਇੱਕ ਥਾਂ ਲਾਭ ਨਾ ਦੇ ਸਕਦੀ
ਕਿਉਂ ਆਪਣੀ........ਇਹ!

ਭੈਣੋਂ ਤੇ ਵੀਰੋ ਗੱਲ ਇਸ਼ਾਰੇ ਵਿੱਚ ਕੀਤੀ ਹੈ ਕਿਉਂਕਿ ਜਿਹੜਾ ਪਾਠਕ ਇਸ ਕਿਤਾਬ ਨੂੰ ਪੜ੍ਹਦਾ ਪੜ੍ਹਦਾ ਇਸ ਕਵਿਤਾ ਤੱਕ ਆ ਗਿਆ, ਇਹ ਹੋ ਨਹੀਂ ਸਕਦਾ ਕਿ ਉਹ ਸਮਝਦਾਰ ਨਾ ਹੋਵੇ। ਬਾਕੀ ਜਿਨ੍ਹਾਂ ਦੇ ਇਸ ਸਹੂਲਤ ਕਰਕੇ ਕਦੇ ਸੱਟ ਲੱਗੀ ਹੈ ਉਹ ਕਵਿਤਾ ਦੀ ਆਖਰੀ ਲਾਈਨ ਵਿੱਚ ਕੋਈ ਕੌੜੇ ਜਿਹੇ ਦੋ ਸ਼ਬਦ ਭਰਕੇ ਪੜ੍ਹਕੇ ਵੇਖੇ, ਸੁਆਦ ਦੁੱਗਣਾ ਆਵੇਗਾ। ਮੈਂ ਲਿਖ ਵੀ ਦਿੰਦਾ ਪਰ ਮੁੱਦਾ ਖੜ੍ਹਾ ਹੋਣ ਅਤੇ ਕਵਿਤਾ ਦੇ ਮਿਆਰ ਦੀ ਗੱਲ ਹੈ ਜੀ!

## ਉਹ ਲਗਜ਼ਰੀ !

ਤਾਂ ਕੀ ਜੇ ਮੈਂ ਭੁੱਖਾ ਸੌਂਦਾ
ਮੈਨੂੰ ਅੰਨ ਨਹੀਂ ਹੈ ਮਿਲਦਾ,
ਭੈਣ ਭਾਈ ਵੀ ਮੇਰੇ ਵਿਲਕਣ
ਬੁਰਾ ਹਾਲ ਮੇਰੇ ਦਿਲ ਦਾ,
ਮੈਂ ਦੱਸ ਖਾ ਕੇ ਕੀ ਕਰਨਾ ਹੈ
ਐਵੇਂ ਵਾਧੂ ਰੌਲਾ ਪਾਉਂਦਾ ਹਾਂ,
ਮੈਨੂੰ ਭੁੱਖ ਨਹੀਂ ਹੈ ਲੱਗ ਸਕਦੀ
ਮੈਂ ਉੱਚੀ ਜਾਤ 'ਚੋਂ ਆਉਂਦਾ ਹਾਂ।

ਤਾਂ ਕੀ ਜੇ ਮੇਰੇ ਕੱਪੜੇ ਪਾਟੇ
ਥਾਂ ਥਾਂ ਟਾਕੀਆਂ ਲੱਗੀਆਂ ਨੇ,
ਠੰਡ ਦੇ ਮੌਸਮ ਪਾਉਣ ਲਈ ਵੀ
ਸਾਡੇ ਕੋਲ ਪਤਲੀਆਂ ਝੱਗੀਆਂ ਨੇ,
ਮਾਂ ਸੀਂਦੀ ਹੈ, ਫਿਰ ਫਟ ਜਾਵਣ
ਕਈ ਕਈ ਸਾਲ ਹੰਢਾਉਂਦਾ ਹਾਂ,
ਮੈਨੂੰ ਠੰਢ ਨਹੀਂ ਹੈ ਲੱਗ ਸਕਦੀ
ਮੈਂ ਉੱਚੀ ਜਾਤ 'ਚੋਂ ਆਉਂਦਾ ਹਾਂ।

ਤਾਂ ਕੀ ਜੇ ਸਾਡਾ ਘਰ ਹੈ ਟੁੱਟਿਆ
ਅਸੀਂ ਮੁਸ਼ਕਿਲ ਦੇ ਨਾਲ ਰਹਿੰਦੇ,
ਮੀਂਹ ਪੈਣ ਤੇ ਲੁਕ ਲੁਕ ਕੇ
ਸਭ ਕੋਨਿਆਂ ਵਿੱਚ ਜਾ ਬਹਿੰਦੇ,
ਮਾਂ ਮੇਰੀ ਨਾਲ ਮੈਂ ਕੋਠੇ ਤੇ
ਥਾਂ ਥਾਂ ਮਿੱਟੀ ਪਾਉਂਦਾ ਹਾਂ,
ਮੈਂ ਬਿਮਾਰ ਨਹੀਂ ਹੋ ਸਕਦਾ
ਮੈਂ ਉੱਚੀ ਜਾਤ 'ਚੋਂ ਆਉਂਦਾ ਹਾਂ।

ਗੌਰਮਿੰਟ ਆਖੇ ਤੁਸੀਂ ਹੋ ਉੱਚੇ
ਤੁਹਾਡੇ ਨਾਲ ਕੋਈ ਹਮਦਰਦੀ ਨਹੀਂ,
ਚਾਹੇ ਭੀਖ ਵੀ ਮੰਗਣ ਲੱਗ ਜਾਵੋ
ਤਾਂ ਵੀ ਮੈਂ ਕੁਝ ਕਰਦੀ ਨਹੀਂ,
ਉਸ 'ਲਗਜ਼ਰੀ' ਨੂੰ ਪੈਸੇ 'ਬੇਸਡ' ਮੈਂ
ਕਰ ਦੇਣ ਦਾ ਹੋਕਾ ਲਾਉਂਦਾ ਹਾਂ,
ਆਮ ਬੰਦਾ ਮੈਂ ਭਾਰਤ ਮਾਂ ਦਾ
ਜੋ ਉੱਚੀ ਜਾਤ 'ਚੋਂ ਆਉਂਦਾ ਹਾਂ।

ਅੱਜ ਭਾਰਤ ਦੀ ਦਿਨ ਦੁੱਗਣੀ ਰਾਤ ਚੌਗਣੀ (ਰਾਤ ਚੌਗਣੀ ਮੈਨੂੰ ਪਤਾ ਹੈ ਕਿ ਭੋਰਾ ਵੀ ਨਹੀਂ ਜਚਦਾ; ਜੇ ਦਿਨ ਦੁੱਗਣੀ ਤਾਂ ਰਾਤ ਘੱਟੋ ਘੱਟ ਵੀਹ ਗੁਣਾ ਲਿਖਣਾ ਚਾਹੀਦਾ ਹੈ, ਹੈ ਕਿ ਨਹੀਂ ?) ਤਰੱਕੀ ਕਰ ਰਹੀ ਆਬਾਦੀ ਵਿੱਚੋਂ ਕਿੰਨੇ ਹੀ ਉੱਚੀਆਂ ਜਾਤਾਂ ਦੇ ਬੰਦੇ ਗਰੀਬੀ ਰੇਖਾ ਤੋਂ ਥੱਲੇ ਜੀਵਨ ਬਤੀਤ ਕਰ ਰਹੇ ਹਨ ਪਰ ਉਹਨਾਂ ਲਈ ਉਹ 'ਲਗਜ਼ਰੀ' ਚੰਨ ਦੇ ਬਰਾਬਰ ਹੈ ਜਿਸ ਨੂੰ ਉਹ ਦੇਖ ਤਾਂ ਸਕਦੇ ਹਨ ਪਰ ਪ੍ਰਾਪਤ ਨਹੀਂ ਕਰ ਸਕਦੇ। ਕਿਹੜੀ ਲਗਜ਼ਰੀ ? ਤੁਸੀਂ ਸਮਝਦਾਰ ਹੋ ਯਾਰ ! ਸਮਝ ਲਵੋ ਕਿਹੜੀ ਲਗਜ਼ਰੀ ਦੀ ਗੱਲ ਕਰ ਰਿਹਾ ਹਾਂ। ਲਿਖ ਤਾਂ ਸਪਸ਼ਟ ਵੀ ਦਿੰਦਾ ਪਰ ਜੇ ਕਿਤਾਬ ਕਿਸੇ ਵਿਵਾਦ ਵਿਚ ਪੈ ਜਾਂਦੀ ਜਾਂ ਰੋਕ ਲੱਗ ਜਾਂਦੀ ਫੇਰ ਇਸ ਕਿਤਾਬ ਨੂੰ ਪੜ੍ਹਨ ਦਾ ਆਨੰਦ ਤੁਸੀਂ ਕਿਵੇਂ ਪ੍ਰਾਪਤ ਕਰਦੇ ? ਮੇਰਾ ਤਾਂ ਤੁਹਾਡੇ ਹੱਥ ਵਿਚ ਆਪਣੀ ਕਿਤਾਬ ਪਹੁੰਚਾਉਣ ਦਾ ਸੁਪਨਾ ਹੀ ਟੁੱਟ ਜਾਂਦਾ।

## ਹਥਿਆਰ ਕਿਉਂ ਚੁੱਕਦੇ ?

ਕਾਹਦੇ ਲਈ ਹਥਿਆਰ ਨੇ ਚੁੱਕਦੇ ?
ਕਿਸ ਗੱਲ ਦਾ ਹੰਕਾਰ ਨੇ ਕਰਦੇ ?
ਕਿਉਂ ਸੋਚਣ ਕੁਝ ਕਰਦੇ ਰੱਬ ਲਈ,
ਰੱਬ ਦੀ ਖਾਤਰ ਨੇ ਉਹ ਲੜਦੇ ?

ਕਿਹੋ ਜਿਹਾ ਦੇਖੋ ਸਮਾਂ ਹੈ ਆਇਆ,
ਰੱਬ ਨੂੰ ਵੀ ਹੁਣ 'ਸੁਪੋਟ' ਚਾਹੀਦੀ,
ਕਹਿਣ ਬੰਦੂਕ ਨਾਲ ਦੇਣੀ ਪੈਣੀ
ਦੇਣੀ ਮਾਸੂਮ ਦਾ ਗਲ ਘੋਟ ਚਾਹੀਦੀ।

ਕਈ ਧਰਮ ਦੇ ਪੀਰ ਕਹਾਵਣ
ਧਰਮ ਲਈ ਹਥਿਆਰ ਚੁੱਕੇ ਨੇ,
ਮਾਰ ਮੁਕਾਉਂਦੇ ਆਮ ਬੰਦੇ ਨੂੰ
ਧਰਮ ਦੀ ਆੜ 'ਚ ਖ਼ੂਨੀ ਲੁਕੇ ਨੇ।

ਕਿਉਂ ਭੁੱਲ ਜਾਂਦੇ ਮੌਤ ਨੂੰ ਆਪਣੀ ?
ਮਰਨ ਵਾਲੇ ਕੀ ਉਹਨਾਂ ਦੇ ਕਰ ਗਏ ?
ਮੌਤ ਦੇ ਮੂੰਹ ਤਾਂ ਚਲੇ ਗਏ ਨੇ,
ਹਿਟਲਰ, ਮੂਸੋਲਿਨੀ, ਸਿਕੰਦਰ ਵਰਗੇ !

ਕਈਆਂ ਨੇ ਵਸ ਵਿਚ ਕਾਲ ਸੀ ਕੀਤਾ
ਪਰ ਕੀ ਜੱਗ ਤੇ ਜਿਉਂਦੇ ਰਹਿ ਗਏ,
ਭੀਸ਼ਮ, ਰਾਵਣ, ਬਾਲੀ ਵਰਗੇ
ਮੌਤ ਦੀ ਚਾਦਰ ਥੱਲੇ ਪੈ ਗਏ।

ਕਿੰਨੇ ਕੁ ਮਸਲੇ ਕੋਈ ਬੰਦਾ ਗਿਣਾ ਸਕਦਾ ਹੈ ਜਿਹਨਾਂ ਦਾ ਹੱਲ ਹਥਿਆਰ ਨਾਲ ਨਿਕਲਿਆ ਹੋਵੇ। ਚੱਲੋ ਜੇਕਰ ਕਿਸੇ ਮਸਲੇ ਦਾ ਹੱਲ ਨਿਕਲਿਆ ਵੀ ਹੈ ਤਾਂ ਉਹਨਾਂ ਬੇਕਸੂਰ ਜਾਨਾਂ ਦੀ ਗਿਣਤੀ ਕਰ ਲਓ ਜਿਹੜੀਆਂ ਹਥਿਆਰਾਂ ਦੀ ਵਰਤੋਂ ਕਰਕੇ ਗਈਆਂ। ਗਿਣ ਲਓ ਉਹਨਾਂ ਮਰਨ ਵਾਲਿਆਂ ਦੇ ਪਰਿਵਾਰਾਂ ਦੇ ਹੰਝੂ, ਗਿਣ ਲਓ ਉਹਨਾਂ ਦੇ ਬੱਚਿਆਂ ਦੀ ਸਿਸਕੀਆਂ ਅਤੇ ਅਨੁਮਾਨ ਲਗਾ ਕੇ ਦੇਖੋ ਕਿ ਕਿੰਨਾ ਕੁ ਮੁੱਲ ਤਾਰਿਆ ਗਿਆ ਸੀ ਹਥਿਆਰਾਂ ਦੀਆਂ ਵਰਤੋਂ ਕਰ ਕੇ ਕਿਸੇ ਮਸਲੇ ਦਾ ਹੱਲ ਕਰਨ ਲਈ। ਸਮਝ ਤੋਂ ਕੰਮ ਲਓ ਮੇਰੇ ਵੀਰੋ, ਹਥਿਆਰ ਕਦੇ ਵੀ ਇੰਨੀ ਸੁੰਦਰ ਅਤੇ ਰੰਗਲੀ ਮਾਨਵਤਾ ਦੀ ਭਲਾਈ ਨਹੀਂ ਕਰ ਸਕਦੇ!

## ਦੁਸਹਿਰਾ

ਹਰ ਸਾਲ ਦੁਸਹਿਰੇ ਤੇ ਮਿਲ ਕੇ
ਲੋਕੀਂ ਰਾਵਣ ਫੂਕਣ,
ਰਾਮ ਤੇ ਕਰਦੇ ਮਾਣ ਬੜਾ
ਰਾਵਣ ਦੇ ਉੱਤੇ ਥੁੱਕਣ।

ਕਿੰਨਾ ਸਮਾਂ ਬੀਤ ਗਿਆ ਗੱਲ ਨੂੰ
ਰਾਵਣ ਸੀ ਜਦ ਮਰਿਆ,
ਹਰ ਸਾਲ ਮੁੜ ਮੁੜ ਉਸੇ ਘੜੀ ਨੂੰ
ਲੋਕਾਂ ਯਾਦ ਹੈ ਕਰਿਆ।

ਮਰ ਗਿਆ ਰਾਵਣ, ਮਰ ਗਿਆ ਰਾਵਣ
ਲੋਕੀਂ ਰਟਾਂ ਲਗਾਉਂਦੇ,
ਰਾਵਣ, ਕੁੰਭ ਤੇ ਮੇਘਨਾਥ ਦੇ
ਪੁਤਲੇ ਉਹ ਜਲਾਉਂਦੇ।

ਰਾਵਣ ਤਾਂ ਸੀ ਉਦੋਂ ਮਰ ਗਿਆ
ਹਰ ਕੋਈ ਹੈ ਕਹਿੰਦਾ,
ਪਰ ਮੈਨੂੰ ਕਿਉਂ ਇੰਝ ਹੈ ਲੱਗਦਾ
ਕਿ ਉਹ ਥਾਂ-ਥਾਂ ਰਹਿੰਦਾ।

ਜੇ ਸੱਚਮੁੱਚ ਅਸੀਂ ਖ਼ੁਸ਼ੀ ਮਨਾਉਣੀ
ਆਦਰ ਪ੍ਰੇਮ ਜਗਾਈਏ,
ਰਾਵਣ ਨੂੰ ਅਸੀਂ ਅੰਦਰੋਂ ਕੱਢ ਕੇ
ਮਨਾਂ 'ਚ ਰਾਮ ਵਸਾਈਏ।

ਭਾਈਚਾਰੇ ਨਾਲ ਰਹਿਣਾ ਸਿੱਖ ਕੇ
ਕਿਉਂ ਨਹੀਂ ਵੈਰ ਭੁਲਾਉਂਦੇ,
ਤਾਹੀਉਂ ਸੱਚੀ ਲੱਗੂ ਜਿਹੜੀ
ਲੋਕੀਂ ਖੁਸ਼ੀ ਮਨਾਉਂਦੇ,
ਰਾਵਣ ਉੱਤੇ ਰਾਮ ਦੀ ਜਿੱਤ ਦੀ
ਲੋਕੀਂ ਖੁਸ਼ੀ ਮਨਾਉਂਦੇ।

ਕਿਉਂ ਜੀ, ਦੱਸੋ ਰਾਵਣ ਸੱਚਮੁੱਚ ਹੀ ਮਰ ਗਿਆ ਹੈ? ਕੀ ਰਾਵਣ ਦੀ ਧੁੰਨੀ (ਨੇਵਲ) 'ਚ ਤੀਰ ਮਾਰਨ ਨਾਲ ਸੱਚ ਮੁੱਚ ਹੀ ਉਸਦਾ ਅੰਤ ਹੋ ਗਿਆ। ਨਹੀਂ, ਹਾਲੇ ਤੱਕ ਵੀ ਰਾਵਣ ਮਰਿਆ ਨਹੀਂ ਹੈ। ਬਲਕਿ ਰਾਮ ਤਾਂ ਦਿਨੋਂ ਦਿਨ ਬੁੱਢੇ ਹੁੰਦੇ ਜਾ ਰਹੇ ਹਨ ਪਰ ਰਾਵਣ ਰੱਜ ਜੁਆਨੀ ਮਾਣ ਰਿਹਾ ਹੈ। ਉਹ ਦਿਨੋ ਦਿਨ ਹੋਰ ਤੋਂ ਹੋਰ ਜੁਆਨ ਹੁੰਦਾ ਜਾ ਰਿਹਾ ਹੈ। ਸ਼ਾਇਦ ਉਸਦੀ ਜਾਨ ਧੁੰਨੀ ਵਿਚ ਨਹੀਂ ਕਿਤੇ ਹੋਰ ਸੀ। ਕੌਣ ਲੱਭੇਗਾ ਕਿ ਉਸਦੀ ਜਾਨ ਅਸਲ ਵਿਚ ਕਿੱਥੇ ਲੁਕੀ ਹੈ ਅਤੇ ਕੌਣ ਮਾਰੇਗਾ ਉਸ ਜਗ੍ਹਾ ਤੇ ਤੀਰ?

## ਸੱਚੀ ਪੂਜਾ

ਕੀ ਹੈ ਪੂਜਾ ਕੀ ਤੂੰ ਜਾਣੇ
ਨਾ ਤੂੰ ਰੱਬ ਨੂੰ ਪਹਿਚਾਣੇ,
ਕੰਮ ਹੀ ਪੂਜਾ ਹੁੰਦੀ ਯਾਰਾ
ਕਹਿ ਗਏ ਲੋਕ ਸਿਆਣੇ।

ਗੁਰਦੁਆਰੇ ਜਾ ਖੁਸ਼ ਨਹੀਂ ਹੁੰਦਾ
ਨਾਂ ਹੀ ਮੰਦਰ ਵੜ ਕੇ,
ਜੇ ਤੂੰ ਰੱਬ ਨੂੰ ਖੁਸ਼ ਹੈ ਕਰਨਾ
ਕਰ ਲੈ ਕੰਮ ਤੂੰ ਕਰਕੇ।

ਆਪਣੇ ਕੰਮ ਤੋਂ ਭੱਜਦਾ ਫਿਰਦੈਂ
ਲੱਭ ਕੇ ਕਈ ਬਹਾਨੇ,
ਪੂਜਾ ਕੰਮ ਹੈ, ਕੰਮ ਹੈ ਪੂਜਾ
ਪਾ ਲੈ ਗੱਲ ਟਿਕਾਣੇ।

ਫਰਜ਼ ਨਿਭਾ ਤੇ ਕਰ ਕਮਾਈ
ਰੋਟੀ ਮਿੱਠੀ ਲੱਗੂ,
ਕਾਲੀ ਰੋਟੀ ਜੋ ਤੂੰ ਖਾਂਦਾ
ਦੁੱਧੋਂ ਚਿੱਟੀ ਲੱਗੂ।

ਪਰ ਤੈਨੂੰ ਤਾਂ ਪਤਾ ਨੀ ਲੱਗਦਾ
ਖੂਨ ਰੋਟੀ ਵਿਚ ਖਾਵੇਂ,
ਹੇ ਨਾਨਕ ਏਨਾ ਸਮਝ ਆ ਜਾਵੇ
ਤੂੰ ਧਰਤੀ 'ਤੇ ਆਵੇਂ।
ਜੇ ਮੁੜ ਧਰਤੀ 'ਤੇ ਆਵੇਂ।

"Work is Worship" ਸਭ ਦੀ ਜਾਣੀ ਪਹਿਚਾਣੀ ਅੰਗਰੇਜ਼ੀ ਦੀ ਕਹਾਵਤ ਹੈ। ਕਿੰਨੇ ਕੁ ਬੰਦੇ ਹਨ ਜੋ ਕਹਿ ਸਕਦੇ ਹਨ ਕਿ ਇਹ ਝੂਠ ਹੈ? ਕੰਮ ਹੀ ਸੱਚੀ ਪੂਜਾ ਹੈ। ਜੋ ਵਿਅਕਤੀ ਇਮਾਨਦਾਰੀ ਨਾਲ ਆਪਣਾ ਕੰਮ ਕਰਦੇ ਹਨ, ਉਹਨਾਂ ਦੀ ਹਰ ਜ਼ਰੂਰਤ ਅਤੇ ਹਰ ਇੱਛਾ ਆਪਣੇ ਆਪ ਹੀ ਪੂਰੀ ਹੁੰਦੀ ਜਾਂਦੀ ਹੈ। ਆਪਣੇ ਜਾਣ ਪਹਿਚਾਣ ਵਾਲੇ ਇਮਾਨਦਾਰ ਬੰਦਿਆਂ ਦਾ ਸਰਵੇ ਕਰ ਕੇ ਵੇਖ ਲਵੋ, ਸਬੂਤ ਮਿਲ ਜਾਵੇਗਾ।

# ਪਬਲਿਕ ਪ੍ਰਾਪਰਟੀ

ਭਾਵੇਂ ਜਾਤ ਪਾਤ ਦਾ ਰੌਲਾ ਹੋਵੇ
ਕਿਸੇ ਬਾਬੇ ਨੂੰ ਮਾੜਾ ਕਿਹਾ ਜਾਵੇ,
ਭਾਵੇਂ 'ਸਟੂਡੈਂਟਸ' ਦੀ ਹੋਵੇ ਮੰਗ ਕੋਈ
ਫੇਰ ਸਾਡੇ ਤੋਂ ਨਾ ਰਿਹਾ ਜਾਵੇ,
ਅਸੀਂ ਹੱਥਾਂ ਵਿਚ ਡਾਂਗਾਂ ਫੜ ਕੇ
ਬੜੀ ਹਿੰਮਤ ਫੇਰ ਲਿਆਉਂਦੇ ਹਾਂ,
ਪਬਲਿਕ ਪ੍ਰਾਪਰਟੀ ਦੀ ਮਾਂ ਭੈਣ
ਇੱਕ ਕਰ ਕੇ ਫੇਰ ਦਿਖਾਉਂਦੇ ਹਾਂ।

ਕੋਈ ਰਾਜਨੀਤੀ ਦਾ ਰੌਲਾ ਹੋਵੇ
ਕਿਸੇ ਨੇਤਾ ਦੀ ਸਹਿ ਮਿਲ ਜਾਵੇ,
ਉਹਦੀ ਦਿੱਤੀ 'ਫੀਮ ਦੀ ਗੋਲੀ ਜਾ
ਸਾਡੇ ਢਿੱਡੀਂ ਚਾਹ ਨਾਲ ਖਿਲ ਜਾਵੇ
ਅਸੀਂ 'ਰਾਡਾਂ', 'ਬੈਟਾਂ', 'ਹਾਕੀਆਂ' ਨਾਲ
ਫੇਰ ਰੱਜ ਕੇ ਕਮਲ ਖਿਡਾਉਂਦੇ ਹਾਂ,
ਪਬਲਿਕ ਪ੍ਰਾਪਰਟੀ ਦੀ ਮਾਂ ਭੈਣ
ਇੱਕ ਕਰ ਕੇ ਫੇਰ ਦਿਖਾਉਂਦੇ ਹਾਂ।

ਕੋਈ ਉੱਤਰ ਦੱਖਣ ਦਾ ਰੌਲਾ ਹੋਵੇ
ਭਾਵੇਂ ਪੂਰਬ ਪੱਛਮ ਦਾ ਪੈ ਜਾਵੇ,
ਅਸੀਂ ਰੇਲਾਂ, ਬੱਸਾਂ ਫੂਕ ਦੇਈਏ
ਕੀਹਦੀ ਹਿੰਮਤ ਕੋਈ ਕੁਝ ਕਹਿ ਜਾਵੇ,
ਅਸੀਂ ਰਾਜਾਂ ਦੇ, ਭਾਰਤ ਦੇ ਨਹੀਂ
ਇਹ ਸਭ ਨੂੰ ਅਸੀਂ ਜਤਾਉਂਦੇ ਹਾਂ,
ਪਬਲਿਕ ਪ੍ਰਾਪਰਟੀ ਦੀ ਮਾਂ ਭੈਣ
ਇੱਕ ਕਰ ਕੇ ਫੇਰ ਦਿਖਾਉਂਦੇ ਹਾਂ।

ਕੀ ਸਦਾ ਚੱਲੂ, ਨਹੀਂ ਰੁਕਣਾ ਇਹ
ਇਸ ਕੰਮ ਦਾ ਕੀ ਕਦੇ ਅੰਤ ਹੋਊ ?
ਪਤਾ ਨਹੀਂ ਕੌਣ ਇਹਨੂੰ ਰੋਕੇਗਾ
ਕੋਈ ਰਾਵਣ ਜਾਂ ਕੋਈ ਸੰਤ ਹੋਊ ?
ਅਸੀਂ ਜ਼ਿਆਦਾ ਨਾ ਇਹ ਸੋਚਦੇ ਹਾਂ
ਭੰਨ ਤੋੜ 'ਚ ਮੌਜ ਮਨਾਉਂਦੇ ਹਾਂ,
ਪਬਲਿਕ ਪ੍ਰਾਪਰਟੀ ਦੀ ਮਾਂ...............
ਅਸੀਂ...............ਕੇ ਫੇਰ ਦਿਖਾਉਂਦੇ ਹਾਂ।

ਕਾਰਣ ਕੋਈ ਵੀ ਹੋਵੇ, ਜਨਤਾ ਆਪਣਾ ਗੁੱਸਾ ਕੱਢਣ ਲਈ ਸਭ ਤੋਂ ਵੱਧ ਮਹੱਤਤਾ ਪਬਲਿਕ ਪ੍ਰਾਪਰਟੀ ਦੀ ਭੰਨ ਤੋੜ ਕਰਨ ਜਾਂ ਉਸਨੂੰ ਫੂਕਣ ਨੂੰ ਹੀ ਦਿੰਦੀ ਹੈ। ਉਸ ਸਮੇਂ ਦੇਸ਼ ਨੂੰ ਪਿਆਰ ਕਰਨ ਵਾਲੇ ਬੰਦੇ ਦੇ ਦਿਲ ਦੀਆਂ ਭਾਵਨਾਵਾਂ ਇੱਕ ਦੇਸ਼ ਨੂੰ ਪਿਆਰ ਕਰਨ ਵਾਲਾ ਬੰਦਾ ਹੀ ਸਮਝ ਸਕਦਾ ਹੈ। ਉਸਦੇ ਦਿਲ ਵਿਚ ਜੋ ਗੁੱਸਾ ਆਉਂਦਾ ਹੈ ਉਹ ਇਸ ਕਵਿਤਾ ਦੀਆਂ ਸਤਰਾਂ ਤੋਂ ਸਾਫ਼ ਸਪਸ਼ਟ ਹੁੰਦਾ ਹੈ। ਪਰ ਜੇ ਕਿਸੇ ਪਾਠਕ ਨੂੰ ਗੁੱਸਾ ਘੱਟ ਲੱਗ ਰਿਹਾ ਹੋਵੇ ਤਾਂ ਅੰਤਲੀਆਂ ਸਤਰਾਂ ਵਿਚ ਜੋ ਖਾਲੀ ਥਾਵਾਂ ਛੱਡੀਆਂ ਹਨ ਉਹਨਾਂ ਨੂੰ ਆਪ ਭਰ ਕੇ ਗੁੱਸਾ ਕੱਢ ਲਵੋ।

# ਮਿਲਾਵਟਖੋਰੀ

ਹੁਣ ਪਾਣੀ ਦੁੱਧ ਵਿਚ ਪਾਉਂਦੇ ਨਹੀਂ
ਪਾਣੀ ਤੋਂ ਦੁੱਧ ਬਣਾਉਂਦੇ ਨੇ,
ਕਦੇ ਸ਼ੈਂਪੂ ਪਾ, ਕਦੇ ਯੂਰੀਆ ਪਾ
ਸਿਹਤਾਂ ਤੇ ਤੀਰ ਚਲਾਉਂਦੇ ਨੇ,
ਬੱਚਿਆਂ ਦੇ ਗੁਰਦੇ ਗਲਦੇ ਨੇ
ਪਰ ਇਹ ਪੈਸੇ ਰੱਜ ਕਮਾਉਂਦੇ,
ਢੋਲੇ ਦੀਆਂ ਲਾਉਂਦੇ!

ਅੱਜ ਧੋਖੇਬਾਜ਼ ਹਲਵਾਈ ਨੇ
ਉਹ ਨਕਲੀ ਮਿਠਾਈਆਂ ਬਣਾਉਂਦੇ ਨੇ,
ਪਤਾ ਨਹੀਂ ਕਿਹੜੇ ਕਿਹੜੇ ਪਾਊਡਰ ਤੋਂ
ਜਾਮਨ ਤੇ ਬਰਫ਼ੀ ਬਣਾਉਂਦੇ ਨੇ,
ਇਹ ਤਰ੍ਹਾਂ ਤਰ੍ਹਾਂ ਦੇ 'ਸੈਂਟ' ਛਿੜਕ
ਨਾ ਖੋਆ ਭੋਰਾ ਸੁੰਘਾਉਂਦੇ,
ਢੋਲੇ ਦੀਆਂ ਲਾਉਂਦੇ।

ਡੇਅਰੀ ਦਾ ਧੰਦਾ ਜ਼ੋਰਾਂ ਤੇ ਹੈ
ਕੀ ਪਨੀਰ! ਕਰੀਮ! ਤੇ ਕੀ ਮੱਖਣ!
ਸਭ 'ਸਿਨਥੈਟਿਕ' ਹੀ ਬਣ ਜਾਂਦੇ
ਨਾ ਅਸਲੀ ਚੀਜ਼ ਕਦੇ ਰੱਖਣ,
ਇਹ ਰਬੜ ਨੂੰ ਮਾਤਾਂ ਪਾਉਂਦੇ ਨੇ
ਪਰ ਫਰਕ ਨਾ ਕੋਈ ਦਿਖਾਉਂਦੇ,
ਢੋਲੇ ਦੀਆਂ ਲਾਉਂਦੇ!

ਕੋਈ ਖਾਣ ਪੀਣ ਦੀ ਚੀਜ਼ ਹੋਵੇ
ਹਰ ਬੰਦਾ ਕਰੇ ਮਿਲਾਵਟ ਵਿੱਚ,
ਕੋਈ ਮਹਿਕਮਾ ਨਾ ਸਹੀ ਕੰਮ ਕਰੇ
ਹੋਇਆ ਵਾਧਾ ਈਮਾਨ ਦੀ ਗਿਰਾਵਟ ਵਿੱਚ,
ਜੇ ਚਾਹੁਣ ਤਾਂ ਕੀ ਨਹੀਂ ਕਰ ਸਕਦੇ
ਸਭ ਰਲ ਮਿਲ ਸਾਥ ਨਿਭਾਉਂਦੇ,
ਢੋਲੇ ਦੀਆਂ ਲਾਉਂਦੇ।

ਅੱਜ ਦੁੱਧ ਦੀਆਂ ਕੀਮਤਾਂ ਇੰਨੀਆਂ ਵਧ ਗਈਆਂ ਹਨ ਕਿ ਵੱਡਿਆਂ ਦੀ ਸਿਹਤ ਲਈ ਤਾਂ ਫਾਇਦਾ ਹੋ ਗਿਆ। ਕਿਵੇਂ? ਨਾ ਦੁੱਧ ਪੀ ਸਕਣ ਅਤੇ ਨਾ ਹੀ ਗੁਰਦੇ ਗਲਣ। ਚਲੋ ਇਹ ਤਾਂ ਮਜ਼ਾਕ ਦੀ ਗੱਲ ਸੀ ਪਰ ਉਹਨਾਂ ਨਿੱਕਿਆਂ ਬੱਚਿਆਂ ਬਾਰੇ ਸੋਚੋ ਜਿਨ੍ਹਾਂ ਲਈ ਉਨ੍ਹਾਂ ਦੇ ਮਾਂ-ਬਾਪ ਏਨਾ ਮਹਿੰਗਾ ਦੁੱਧ ਖਰੀਦਦੇ ਹਨ, ਇਹ ਸੋਚਕੇ ਕਿ ਸ਼ਾਇਦ ਉਹਨਾਂ ਦੇ ਬੱਚਿਆਂ ਲਈ ਫਾਇਦੇਮੰਦ ਹੋਵੇਗਾ। ਪਰ ਮਿਲਾਵਟਖੋਰਾਂ ਕਰਕੇ ਦੁੱਧ ਨੇ ਫਾਇਦਾ ਤਾਂ ਕੀ ਕਰਨੈਂ ਸਗੋਂ ਉਹਨਾਂ ਨੂੰ ਛੋਟੀ ਉਮਰੇ ਅਜਿਹੀਆਂ ਨਾ ਮੁਰਾਦ ਬਿਮਾਰੀਆਂ ਲਾ ਦਿੰਦਾ ਹੈ ਜਿਨ੍ਹਾਂ ਦਾ ਕੋਈ ਇਲਾਜ ਹੀ ਨਹੀਂ ਹੁੰਦਾ। ਗੱਲ 'ਚੋਂ ਗੱਲ, ਸਿਰਫ਼ ਦੁੱਧ ਵਿਚ ਹੀ ਮਿਲਾਵਟ ਨਹੀਂ ਮੱਝਾਂ ਦੇ ਟੀਕੇ ਵੀ ਲਗਾਏ ਜਾਂਦੇ ਹਨ। ਉਹੀ ਟੀਕੇ ਸਬਜ਼ੀਆਂ ਦੇ ਵੀ ਲਾਉਂਦੇ ਹਨ ਤਾਂ ਕਿ ਝਾੜ ਛੇਤੀ ਲਿਆ ਜਾ ਸਕੇ! ਕੋਈ ਇਨ੍ਹਾਂ ਨੂੰ ਇਹ ਸਮਝਾ ਦੇਵੇ ਕਿ ਜੇਕਰ ਉਹ ਜ਼ਹਿਰੀਲਾ ਦੁੱਧ ਅਤੇ ਸਬਜ਼ੀਆਂ ਦੂਜਿਆਂ ਨੂੰ ਪਰੋਸਦੇ ਹਨ ਉਨ੍ਹਾਂ ਦੇ ਆਪਣੇ ਬੱਚੇ ਵੀ ਖਾਣ ਪੀਣ ਦੀਆਂ ਬਾਕੀ ਚੀਜ਼ਾਂ ਰਾਹੀਂ ਉਹੀ ਕੁਝ ਖਾਂਦੇ ਹਨ!

## ਤੁਸੀਂ ਕਦੇ ਸੱਚ ਨਾ ਬੋਲਿਓ !

ਝੂਠ ਬੋਲੋ ਹੋਊ ਬੱਲੇ ਬੱਲੇ,
ਸੱਚ ਬੋਲੇ ਰਹਿ ਜਾਉਂਗੇ 'ਕੱਲੇ,
ਫੇਰ ਨਾ ਨਾਲ ਕੋਈ ਵੀ ਚੱਲੇ,
ਇਸ ਦੁਨੀਆ ਦੇ ਵਿੱਚ,
ਤੁਸੀਂ ਇਹ ਕੁਫਰ ਨਾ ਤੋਲਿਓ
ਨਾ ਬਈ ਨਾ, ਨਾ,
ਤੁਸੀਂ ਕਦੇ ਸੱਚ ਨਾ ਬੋਲਿਓ।

ਅੰਨ੍ਹਾ ਟੱਕਰੇ, ਉਹਨੂੰ ਕਹੋ ਸੁਜਾਖਾ,
ਚੋਰ ਮਿਲੇ, ਉਹਨੂੰ ਆਖੋ ਰਾਖਾ,
ਕਮਲੇ ਦਾ ਸਦਾ ਮੰਨੋ ਆਖਾ,
ਭੁੱਲ ਕੇ ਵੀ ਉਸ ਵਿੱਚ,
ਕਦੇ ਕੋਈ ਐਬ ਨਾ ਟੋਲਿਓ
ਨਾ ਬਈ ਨਾ, ਨਾ,
ਤੁਸੀਂ ਕਦੇ ਸੱਚ ਨਾ ਬੋਲਿਓ।

ਗੰਜੇ ਨੂੰ ਵੀ ਕਹੋ, ਹਰਿਆ ਭਰਿਆ,
ਮੂਤਦੇ ਨੂੰ ਵੀ, ਨਾ ਆਖਿਓ ਡਰਿਆ,
ਕਈਆਂ ਤੋਂ ਨਹੀਂ ਜਾਣਾ ਜ਼ਰਿਆ,
ਲੁਕੇ ਰਹਿਣ ਸਾਰੇ ਹੀ ਭੇਦ,
ਕਦੇ ਕੋਈ ਭੇਦ ਨਾ ਖੋਲ੍ਹਿਓ
ਨਾ ਬਈ ਨਾ, ਨਾ,
ਤੁਸੀਂ ਕਦੇ ਸੱਚ ਨਾ ਬੋਲਿਓ।

ਮੂਰਖ ਨੂੰ ਕਹੋ ਬੜੀ ਅਕਲ ਹੈ,
ਕਹੋ ਮਨੁੱਖਾ ਭਾਵੇਂ ਭੈੜੀ ਸ਼ਕਲ ਹੈ,
ਫੋਟੋਸਟੇਟ ਵੀ, ਨਾ ਕਹੋ ਨਕਲ ਹੈ,
ਬਾਹਰ ਹੀ ਤੁਸੀਂ ਰਹੋ,
ਕਦੇ ਵੀ ਖੱਡਾਂ ਨਾ ਫੋਲਿਓ
ਨਾ ਬਈ ਨਾ, ਨਾ,
ਤੁਸੀਂ ਕਦੇ ਸੱਚ ਨਾ ਬੋਲਿਓ।

ਚੂਹਾ ਦਿਖ ਜਾਏ ਉਹਨੂੰ ਆਖੋ ਹਾਥੀ,
ਦੁਸ਼ਮਣ ਨੂੰ ਵੀ, ਉਤੋਂ ਕਹਿਣਾ ਸਾਥੀ,
ਜ਼ਹਿਰ ਵੀ ਹੋਵੇ, ਕਹੋ ਮਿੱਠੀ ਬਾਤੀ,
ਹੱਸ ਕੇ ਸਭ ਸੁਣ ਲਓ,
ਦਿਲ ਵਿਚ ਜ਼ਹਿਰ ਨਾ ਘੋਲਿਓ
ਨਾ ਬਈ ਨਾ, ਨਾ,
ਤੁਸੀਂ ਕਦੇ ਸੱਚ ਨਾ ਬੋਲਿਓ।

ਦੁਨੀਆ ਵਿਚ ਚਾਹੇ, ਝੂਠ ਹੈ ਉੱਤੇ,
ਅੰਤ ਸਮੇਂ ਪਰ ਪੈਂਦੇ ਜੁੱਤੇ,
ਇਹ ਸੱਚ ਨਹੀਂ ਲੋਕੀਂ ਭੌਂਕਦੇ ਕੁੱਤੇ,
ਇਹ ਗੱਲ ਦਾ ਮੰਗ ਸਬੂਤ,
ਇਹਨੂੰ ਪੈਰਾਂ ਵਿੱਚ ਰੋਲਿਓ
ਨਾ ਬਈ ਨਾ, ਨਾ,
ਤੁਸੀਂ ਕਦੇ ਸੱਚ ਨਾ ਬੋਲਿਓ।

ਕਿਹੋ ਜਿਹਾ ਦੇਖੋ ਸਮਾਜ ਹੋ ਗਿਆ,
ਸੱਚ ਪਤਾ ਨਹੀਂ ਕਿਹੜੀ ਖੱਡੇ ਖੋ ਗਿਆ,
ਹਰ ਸ਼ਹੀਦ ਦੇ, ਅੱਖੋਂ ਹੰਝੂ ਚੋ ਗਿਆ,
ਕੀ ਬਣੂ ਦੇਸ਼ ਦਾ ਹੁਣ,
ਇਹ ਸੋਚ ਕੇ ਨਾ ਡੋਲਿਓ
ਨਾ ਬਈ ਨਾ, ਨਾ,
ਤੁਸੀਂ ਕਦੇ ਸੱਚ ਨਾ ਬੋਲਿਓ।

ਅੱਜ ਸਾਡੇ ਸਮਾਜ ਦੀ ਮੌਲਿਕਤਾ ਅਤੇ ਨੈਤਿਕਤਾ ਵਿੱਚ ਇੰਨੀ ਗਿਰਾਵਟ ਆ ਚੁੱਕੀ ਹੈ ਕਿ ਜੇਕਰ ਤੁਸੀਂ ਕਿਸੇ ਬੰਦੇ ਕੋਲ ਸੱਚ ਬੋਲ ਦੇਵੋਗੇ ਉਹ ਤੁਹਾਨੂੰ ਬਿਲਕੁਲ ਵੀ ਚੰਗਾ ਨਹੀਂ ਸਮਝੇਗਾ। ਹਰੇਕ ਬੰਦਾ ਦੂਜੇ ਬੰਦੇ ਵਿਚ ਗਲਤੀਆਂ ਲੱਭਣ ਦੀ ਕੋਸ਼ਿਸ਼ ਕਰੇਗਾ ਪਰ ਉਸਨੂੰ ਆਪਣੀਆਂ ਗਲਤੀਆਂ ਨਹੀਂ ਦਿਖਦੀਆਂ। ਹਰੇਕ ਇਨਸਾਨ ਦੋਗਲਾ ਹੈ, ਬੱਸ ਇਹ ਹੋ ਸਕਦਾ ਹੈ ਕਿ ਥੋੜ੍ਹਾ ਬਹੁਤ ਪਰਸੈਂਟੇਜ ਵਿਚ ਫਰਕ ਹੋਵੇ। ਗੱਲਾਂ ਪੂਰੀਆਂ ਆਦਰਸ਼ਵਾਦੀ ਪਰ ਕੰਮ ਤੌਬਾ! ਤੌਬਾ! ਗੱਲਾਂ 'ਚੋਂ ਗੱਲ, ਅੱਜ ਬੰਦੇ ਵਿਚ ਇੰਨੀ ਵੀ ਹਿੰਮਤ ਨਹੀਂ ਕਿ ਕਿਸੇ ਦੇ ਕੀਤੇ ਚੰਗੇ ਕੰਮ ਦੀ ਪ੍ਰਸ਼ੰਸਾ ਹੀ ਕਰ ਦੇਵੇ। ਹੋਰ ਕਿਸੇ ਬੰਦੇ ਕੋਲ ਤਾਂ ਕੀ, ਕੰਮ ਕਰਨ ਵਾਲੇ ਬੰਦੇ ਤੱਕ ਨੂੰ ਨਹੀਂ ਕਹਿੰਦੇ ਕਿ ਵਾਹ! ਬਈ ਤੂੰ ਕੰਮ ਬਹੁਤ ਵਧੀਆ ਕੀਤਾ ਹੈ। ਉਹਨਾਂ ਦੀ ਆਪਣੀ ਹਉਮੈਂ ਨੂੰ ਠੇਸ ਲੱਗ ਜਾਂਦੀ ਹੈ, ਅਤੇ ਉਹ ਨੀਵਾਂ ਮਹਿਸੂਸ ਕਰਨ ਲੱਗ ਜਾਂਦੇ ਹਨ।

## ਅਸੀਂ ਬੰਦੇ ਨਹੀਂ ਹਾਂ

ਅਸੀਂ ਹਰ ਥਾਂ ਜਰਦਾ ਥੁੱਕਦੇ ਹਾਂ
ਬੱਸਾਂ ਵਿੱਚ ਗੰਦ ਖਿਡਾਉਂਦੇ ਹਾਂ,
ਬੋਲਣ ਦੀ ਸਾਨੂੰ ਅਕਲ ਨਹੀਂ
ਹਰ ਗੱਲ ਤੇ ਗਾਲ੍ਹ ਸੁਣਾਉਂਦੇ ਹਾਂ,
ਅਸੀਂ ਬਣ ਨਹੀਂ ਸਕਦੇ ਤਾਜ ਕਦੇ
ਅਸੀਂ ਅੱਜ ਵੀ ਪੈਰ ਦੇ ਜੁੱਤੇ ਹਾਂ,
ਹਾਂ ਅੰਗਰੇਜ਼ੋ ਤੁਸੀਂ ਠੀਕ ਹੀ ਸੀ
ਅਸੀਂ ਤਾਂ ਭਾਰਤੀ ਉੱਤੇ ਹਾਂ,
ਅਸੀਂ ਬੰਦੇ ਨਹੀਂ ਹਾਂ ਉੱਤੇ ਹਾਂ।

ਅਸੀਂ ਜਿੱਥੇ ਦੇਖੋ ਮੂਤਦੇ ਹਾਂ
ਬੇਸ਼ਰਮੀ ਬਹੁਤ ਦਿਖਾਉਂਦੇ ਹਾਂ,
ਅਸੀਂ ਕਿਤੇ ਵੀ ਬੈਠ ਕੇ ਪੀਂਦੇ ਹਾਂ
ਜਿੱਥੇ ਦੇਖੋ ਸੂਟੇ ਲਾਉਂਦੇ ਹਾਂ,
ਬੜੇ ਸਾਲ ਹੋ ਗਏ ਆਜ਼ਾਦੀ ਨੂੰ
ਅਸੀਂ ਅੱਜ ਤੱਕ ਵੀ ਪਏ ਸੁੱਤੇ ਹਾਂ,
ਹਾਂ ਅੰਗਰੇਜ਼ੋ ਤੁਸੀਂ ਠੀਕ ਹੀ ਸੀ
ਅਸੀਂ ਤਾਂ ਭਾਰਤੀ ਉੱਤੇ ਹਾਂ
ਅਸੀਂ ਬੰਦੇ ਨਹੀਂ ਹਾਂ ਉੱਤੇ ਹਾਂ

ਅਸੀਂ ਵਾਤਾਵਰਨ ਸੰਭਾਲਦੇ ਨਹੀਂ
ਪ੍ਰਦੂਸ਼ਣ ਰੱਜ ਫੈਲਾਉਂਦੇ ਹਾਂ,
ਹਵਾ, ਪਾਣੀ, ਮਿੱਟੀ ਰੋਂਦੇ ਨੇ
ਵੱਢ ਫਸਲਾਂ ਅੱਗ ਲਗਾਉਂਦੇ ਹਾਂ,
ਧੂੰਏਂ ਨਾਲ ਰੋਗ ਫੈਲਾਉਣ ’ਚ ਵੀ
ਅਸੀਂ ਸਭ ਦੁਨੀਆ ਤੋਂ ਉੱਤੇ ਹਾਂ,
ਹਾਂ ਅੰਗਰੇਜ਼ੋ ਤੁਸੀਂ ਠੀਕ ਹੀ ਸੀ
ਅਸੀਂ ਤਾਂ ਭਾਰਤੀ ਉੱਤੇ ਹਾਂ,
ਅਸੀਂ ਬੰਦੇ ਨਹੀਂ ਹਾਂ ਉੱਤੇ ਹਾਂ।

ਅਸੀਂ ਕੂੜਾ ਢੰਗ ਨਾਲ ਸਾਂਭਦੇ ਨਹੀਂ
ਨਾਲੀ 'ਚ ਲਿਫਾਫੇ ਸੁੱਟਦੇ ਹਾਂ,
ਇਹ ਸੜਕਾਂ ਦੇ ਵੀ ਰਹਿਣ ਰੁੱਲੇ
ਸਿਹਤ ਜਾਨਵਰਾਂ ਦੀ ਅਸੀਂ ਲੁੱਟਦੇ ਹਾਂ,
ਅਸੀਂ ਪਤਝੜ ਉਹਨਾਂ ਦੇ ਜੀਵਨ ਵਿੱਚ
ਲਿਆ ਰਹੇ ਬਹਾਰ ਦੀ ਰੁੱਤੇ ਹਾਂ,
ਹਾਂ ਅੰਗਰੇਜ਼ੋ ਤੁਸੀਂ ਠੀਕ ਹੀ ਸੀ
ਅਸੀਂ ਤਾਂ ਭਾਰਤੀ ਉੱਤੇ ਹਾਂ,
ਅਸੀਂ ਬੰਦੇ ਨਹੀਂ ਹਾਂ ਉੱਤੇ ਹਾਂ।

ਹੈ ਦੁਆ ਅਕਲ ਸਾਨੂੰ ਆ ਜਾਵੇ
ਅਸੀਂ ਆਦਤਾਂ ਲਈਏ ਸੁਧਾਰ ਰੱਬਾ,
ਕਿਉਂ ਸੋਚ ਕੇ ਕੰਮ ਨਾ ਕਰਦੇ ਹਾਂ
ਅਸੀਂ ਕਰੀਏ ਜ਼ਰਾ ਵਿਚਾਰ ਰੱਬਾ,
ਸਾਨੂੰ ਸਮਝ ਨਾ ਆਉਂਦੀ ਘਾਟ ਕੀ ਹੈ
ਅਸੀਂ ਬਣੇ ਬੈਠੇ ਕਿਉਂ ਉੱਤੇ ਹਾਂ,
ਕੋਈ ਹੋਏ ਅਵਤਾਰ ਜੋ ਤੋੜ ਦੇਵੇ
ਜਿਸ ਨੀਂਦ ਦੇ ਵਿਚ ਅਸੀਂ ਸੁੱਤੇ ਹਾਂ,
ਜਿਸ ਨੀਂਦ ਦੇ ਵਿਚ ਅਸੀਂ ਸੁੱਤੇ ਹਾਂ।

ਇਹ ਕਵਿਤਾ ਨੂੰ ਪੜ੍ਹ ਕੇ ਤੁਹਾਨੂੰ ਲੱਗ ਰਿਹਾ ਹੋਵੇਗਾ ਕਿ ਗੱਲ ਨਹੀਂ ਬਣੀ। ਇਸ ਵਿਚ ਮੇਰੇ ਕੋਲੋਂ ਇੱਕ ਥਾਂ ਤੇ ਕੱਕਾ (ਕ) ਦੀ ਥਾਂ ਤੇ ਊੜਾ (ੳ) ਲਿਖਿਆ ਗਿਆ ਹੈ। ਉਸ ਥਾਂ ਨੂੰ ਲੱਭ ਕੇ ਤੁਸੀਂ ਆਪ ਹੀ ਕੱਕਾ (ਕ) ਲਗਾ ਕੇ ਪੜ੍ਹੋ, ਫੇਰ ਦੇਖਿਓ ਗੱਲ ਬਣਦੀ ਹੈ ਕਿ ਨਹੀਂ ਤੇ ਸੁਆਦ ਆਉਂਦਾ ਹੈ ਕਿ ਨਹੀਂ। ਮੈਂ ਵੀ ਲਿਖ ਸਕਦਾ ਸੀ ਪਰ ਕੀ ਕਰੀਏ, ਕਵਿਤਾ ਦੇ ਮਿਆਰ ਦਾ?

## ਵਿਚਾਰਧਾਰਾ ਦਾ ਕੀ ਮੁੱਲ ਹੈ ?

ਦੇਸ਼ 'ਚ ਦੋ ਨੇ ਪਾਰਟੀਆਂ
ਨਾਲੇ ਸਹਿਯੋਗੀ ਦਲ ਉਹਨਾਂ ਦੇ,
ਭਲਾ ਕਰਨ ਦਾ ਖਿਆਲ ਜਨਤਾ ਦਾ
ਆਵੇ ਮਨ ਵਿੱਚ ਹਰ ਪਲ ਉਹਨਾਂ ਦੇ,
ਇੱਕ ਮਕਸਦ, ਪਰ ਫੇਰ ਪਤਾ ਨਾ ਕਿਉਂ
ਏਕਾ ਦੋਵਾਂ ਦੇ ਵਿਚ ਗੁੱਲ ਹੈ,
ਜਦੋਂ ਕਰਨੀ ਤੁਸੀਂ ਭਲਾਈ ਹੈ
ਫੇਰ ਵਿਚਾਰਧਾਰਾ ਦਾ ਕੀ ਮੁੱਲ ਹੈ ?

ਸਰਪੰਚ ਤੋਂ ਲੈ ਕੇ ਪੀ. ਐੱਮ. ਤੱਕ
ਸਭ ਕਹਿੰਦੇ ਦੇਸ਼ ਦਾ ਹੋਵੇ ਭਲਾ,
ਫੇਰ ਮਿਲਕੇ ਕੰਮ ਕਿਉਂ ਨਹੀਂ ਕਰਦੇ
ਕਿਉਂ ਆ ਜਾਂਦਾ ਹੈ ਵਿੱਚ ਖ਼ਲਾਅ,
ਸਭ ਦੇਸ਼ ਪ੍ਰੇਮੀ, ਫੇਰ ਪਤਾ ਨਾ ਕਿਉਂ
ਹਰ ਪਾਰਟੀ ਹੈਂਕੜ ਵਿਚ ਟੁੱਲ ਹੈ,
ਜਦੋਂ ਕਰਨੀ ਤੁਸੀਂ ਭਲਾਈ ਹੈ
ਫੇਰ ਵਿਚਾਰਧਾਰਾ ਦਾ ਕੀ ਮੁੱਲ ਹੈ ?

ਫੇਰ ਕਿਉਂ ਚਾਹੁੰਦੇ 'ਪਾਵਰ' ਦੋਵੇਂ
ਜਿਹੜਾ ਮਰਜ਼ੀ ਹੋਵੇ, ਕੰਮ ਕਰੋ,
ਇੱਕ ਦੂਜੇ ਨੂੰ ਸਹਿਯੋਗ ਦਿਓ
ਕਿਸੇ ਗੱਲ ਤੇ ਨਾ ਤੁਸੀਂ ਗ਼ਮ ਕਰੋ,
ਤੁਸੀਂ ਆਪਸ ਵਿਚ ਹੀ ਲੜੀ ਜਾਂਦੇ
ਸਾਡਾ ਸੋਚਦੇ ਨਹੀਂ, ਕਿੱਡੀ ਭੁੱਲ ਹੈ,
ਜਦੋਂ ਕਰਨੀ ਤੁਸੀਂ ਭਲਾਈ ਹੈ
ਫੇਰ ਵਿਚਾਰਧਾਰਾ ਦਾ ਕੀ ਮੁੱਲ ਹੈ ?

ਜਨਤਾ ਨੂੰ ਰੋਟੀ ਨਹੀਂ ਮਿਲਦੀ
ਤੁਸੀਂ ਭੋਜ ਹੋ ਛੱਤੀ ਕਰ ਲੈਂਦੇ,
ਤੁਸੀਂ ਗੱਲ ਭਲਾਈ ਦੀ ਕਰਦੇ
ਕੈਬਨਿਟ ਵਿਚ ਬੈਠੇ ਲੜ ਲੈਂਦੇ,
ਉੱਥੇ ਇਕ ਮੰਤਰੀ ਬੱਸ ਮਾਰਨ ਲਈ
ਦੂਜੇ ਨੂੰ ਜਾਂਦਾ ਕਿਉਂ ਤੁੱਲ ਹੈ,
ਜਦੋਂ ਕਰਨੀ ਤੁਸੀਂ ਭਲਾਈ ਹੈ
ਫੇਰ ਵਿਚਾਰਧਾਰਾ ਦਾ ਕੀ ਮੁੱਲ ਹੈ ?

ਪਾਵਰ ਵਿਚ ਆ ਕੇ ਕੀ ਕਰਦੇ
ਤੁਸੀਂ ਕਾਰਾਂ ਕੋਠੀਆਂ ਲਵੋ ਵਧਾ,
ਚਾਹੇ ਇੱਕ ਤੇ ਚਾਹੇ ਦੂਜਾ ਹੋਵੇ
ਤੁਸੀਂ ਜਾਣਦੇ ਹੋ ਬੱਸ ਇਕੋ ਅਦਾ,
ਰੌਲਾ ਤਾਂ ਅਸਲ 'ਚ ਇਹੀ ਲੱਗੇ
ਪੈਸਾ ਖਾਣ ਦੀ ਜਾਂਦੀ ਮਿਲ ਖੁੱਲ੍ਹ ਹੈ,
ਜਦੋਂ ਕਰਨੀ ਤੁਸੀਂ ਭਲਾਈ ਹੈ
ਫੇਰ ਵਿਚਾਰਧਾਰਾ ਦਾ ਕੀ ਮੁੱਲ ਹੈ ?

ਕਦੇ ਕਾਸ਼ ਕ੍ਰਿਸ਼ਮਾ ਇਹ ਹੋਵੇ
ਸਭ ਪਾਰਟੀਆਂ ਹੋ ਜਾਵਣ ਇੱਕ,
ਦੁਨੀਆ ਵਿਚ ਹੋਵੇ ਨਾਂ ਉੱਚਾ
ਇਤਿਹਾਸ ਨਵਾਂ ਅਸੀਂ ਜਾਈਏ ਲਿਖ,
ਸਰਕਾਰ ਇਹੋ ਜਿਹੀ ਬਣ ਜਾਵੇ
ਜਿਵੇਂ ਲੂਣ ਪਾਣੀ ਜਾਂਦਾ ਘੁਲ ਹੈ,
ਜਦੋਂ ਕਰਨੀ ਤੁਸੀਂ ਭਲਾਈ ਹੈ
ਫੇਰ ਵਿਚਾਰਧਾਰਾ ਦਾ ਕੀ ਮੁੱਲ ਹੈ ?

ਫੇਰ ਜਾਤ ਪਾਤ ਦਾ ਕੀ ਮੁੱਲ ਹੈ ?
ਕਿਸੇ ਹੱਥ, ਕਮਲ ਦਾ ਕੀ ਮੁੱਲ ਹੈ ?

ਪਿੰਡ ਪੱਧਰ ਤੋਂ ਲੈ ਕੇ ਰਾਸ਼ਟਰ ਪੱਧਰ ਤੱਕ ਕਿਸੇ ਵੀ ਰਾਜਨੀਤਿਕ ਪਾਰਟੀ ਦੇ ਕਿਸੇ ਵੀ ਨੇਤਾ ਨੂੰ ਪੁੱਛ ਲਵੋ ਕਿ ਤੁਹਾਡੀ ਪਾਰਟੀ ਦਾ ਮੁੱਖ ਮਕਸਦ ਕੀ ਹੈ। ਉੱਤਰ ਮਿਲੇਗਾ, ਸਮਾਜ ਦੀ ਭਲਾਈ। ਹੁਣ ਜਦੋਂ ਸਾਰੇ ਇਹ ਹੀ ਕਰਨਾ ਚਾਹੁੰਦੇ ਹਨ, ਫੇਰ ਮਿਲਕੇ ਕਿਉਂ ਨਹੀਂ ਕਰਦੇ ? ਕਾਹਦੇ ਲਈ ਵੋਟਾਂ ਉੱਪਰ ਅੰਨ੍ਹਾ ਖਰਚਾ ? ਜੇ ਦੇਸ਼ ਅਤੇ ਜਨਤਾ ਹੀ ਉੱਤੇ ਹੈ ਫੇਰ ਪਾਰਟੀ ਦੀ ਵਿਚਾਰਧਾਰਾ ਦਾ ਕੀ ਗੱਲ ਹੈ ? ਜਦੋਂ ਇੱਕ ਮੰਜ਼ਿਲ ਉੱਪਰ ਪਹੁੰਚਣਾ ਹੀ ਹੈ ਫੇਰ ਰਸਤਾ ਜਿਹੜਾ ਮਰਜ਼ੀ ਹੋਵੇ! ਦੇਖੋ ਕਿਹੜੀ ਪਾਰਟੀ ਜਵਾਬ ਦੇ ਸਕਦੀ ਹੈ।

## ਖ਼ੂਨ ਸ਼ਹੀਦਾਂ ਦੇ

ਕੀ ਸੁਪਨਾ ਦੇਖਿਆ ਉਹਨਾਂ ਨੇ
ਇਸ ਦੇਸ਼ ਦੀ ਖਾਤਰ,
ਇਨਕਲਾਬ ਲੈ ਆਏ ਸੀ
ਇਤਿਹਾਸ ਦੇ ਪਾਤਰ,
ਊਧਮ, ਭਗਤ ਤੇ ਹੋਰ ਕਈ
ਹਿੰਦ ਮਾਂ ਦੇ ਜਾਏ,
ਰੁਲ ਗਏ ਖ਼ੂਨ ਸ਼ਹੀਦਾਂ ਦੇ
ਅਸੀਂ ਮੁੱਲ ਨਹੀਂ ਪਾਏ!

ਨੇਤਾ ਲੱਗਦੇ ਕਾਵਾਂ ਜਿਹੇ
ਕਾਵਾਂ ਰੌਲੀ ਪਾਉਂਦੇ,
ਨੌਕਰ ਨੇ ਸਰਕਾਰ ਦੇ ਵੀ
ਨਾ ਫਰਜ਼ ਨਿਭਾਉਂਦੇ,
ਡਿਊਟੀ ਤੇ ਸੁੱਤੇ ਫੜ੍ਹੇ ਜਾਂਦੇ
ਇਹਨਾਂ ਫਰਜ਼ ਭੁਲਾਏ,
ਰੁਲ ਗਏ ਖ਼ੂਨ ਸ਼ਹੀਦਾਂ ਦੇ
ਅਸੀਂ ਮੁੱਲ ਨਹੀਂ ਪਾਏ!

ਅਸੀਂ ਡੁੱਬੇ ਫਿਰਦੇ ਅੱਜ ਵੀ
ਵਿਚ 'ਫੀਮ ਤੇ ਭੁੱਕੀ,
ਅੱਜ ਬੱਚਿਆਂ ਨਸ਼ੇ ਦੀ ਪੰਡ ਹੈ
ਦੇਖੋ ਸਿਰ ਤੇ ਚੁੱਕੀ,
ਕੋਈ ਬੀੜੀ ਲੁਕ ਲੁਕ ਪੀਂਦਾ ਹੈ
ਕਈਆਂ ਟੀਕੇ ਲਾਏ,
ਰੁਲ ਗਏ ਖ਼ੂਨ ਸ਼ਹੀਦਾਂ ਦੇ
ਅਸੀਂ ਮੁੱਲ ਨਹੀਂ ਪਾਏ!

ਅੱਜ ਏਦਾਂ ਦਾ ਹੈ ਹੋ ਗਿਆ
ਬਈ ਮਨ ਵੀ ਸਾਡਾ,
ਕੰਮ ਥੋੜ੍ਹਾ ਜਿਹਾ ਵੀ ਕਰ ਲਈਏ
ਲੱਗੇ ਡਾਢਾ ਡਾਢਾ,
ਕੀ ਮਿਹਨਤ ਅਸੀਂ ਹਾਂ ਭੁੱਲ ਗਏ
ਰਹੀਏ ਥੱਕੇ ਥਕਾਏ,
ਰੁਲ ਗਏ ਖ਼ੂਨ ਸ਼ਹੀਦਾਂ ਦੇ
ਅਸੀਂ ਮੁੱਲ ਨਹੀਂ ਪਾਏ!

ਅੰਗਰੇਜ਼ ਚੰਗੇ ਸੀ ਸਾਡੇ ਤੋਂ
ਉਹਨਾਂ ਮੁੱਲ ਸੀ ਪਾਇਆ,
ਦੇਸ਼ ਨੂੰ ਛੱਡ ਕੇ ਤੁਰ ਗਏ ਸੀ
ਜਦ ਖ਼ੂਨ ਵਹਾਇਆ,
ਅਸੀਂ ਵੀਰਗਤੀ ਦੇ ਸਮਝੇ ਨਾ
ਉਹਨਾਂ ਗੀਤ ਜੋ ਗਾਏ,
ਰੁਲ ਗਏ ਖ਼ੂਨ ਸ਼ਹੀਦਾਂ ਦੇ
ਅਸੀਂ ਮੁੱਲ ਨਹੀਂ ਪਾਏ!

ਇਹ ਦੇਸ਼ ਹੈ ਅੱਜ ਵੀ ਚੱਲ ਰਿਹਾ
ਕੁਝ ਮੂਰਖਾਂ ਕਰਕੇ,
ਜਿਹੜੇ ਰੱਬ ਨੇ ਸ਼ਾਇਦ ਭੇਜੇ ਨੇ
ਨਾਲ ਮਿਹਨਤ ਭਰ ਕੇ,
ਨਾ ਭੱਜਣ ਜਿਹੜੇ ਫਰਜ਼ ਤੋਂ
ਉਹਨਾਂ ਮੋਢੇ ਲਾਏ,
ਰੁਲ ਗਏ ਖ਼ੂਨ ਸ਼ਹੀਦਾਂ ਦੇ
ਅਸੀਂ ਮੁੱਲ ਨਹੀਂ ਪਾਏ!

ਅੱਜ ਦੇਖੇ ਆ ਕੇ ਭਗਤ ਤੇ
ਊਧਮ ਵੀ ਵੇਖੇ,
ਕੀ ਫਾਇਦਾ ਹੋਇਆ ਦੇਸ਼ ਦੇ
ਜਿੰਦ ਲਾਉਣ ਦਾ ਲੇਖੇ,
ਅੱਜ ਲੋੜ ਹੈ ਫੇਰ ਇਨਕਲਾਬ ਦੀ
ਜੋ ਸੁੱਤੇ ਜਗਾਏ,
ਰੁਲ ਗਏ ਖ਼ੂਨ ਸ਼ਹੀਦਾਂ ਦੇ
ਅਸੀਂ ਮੁੱਲ ਨਹੀਂ ਪਾਏ!

ਸੱਚਮੁੱਚ ਹੀ ਰੁਲ ਗਏ ਕਿ ਨਹੀਂ? ਕੀ-ਕੀ ਸੁਪਨੇ ਦੇਖੇ ਸੀ ਉਹਨਾਂ ਨੇ ਭਾਰਤ ਮਾਤਾ ਲਈ। ਉਹ ਸਮਝਦੇ ਸੀ ਸੱਚਮੁੱਚ ਇਸਨੂੰ ਆਪਣੀ ਮਾਂ! ਜਾਨਾਂ ਵਾਰ ਗਏ ਇਸਦੀ ਰੱਖਿਆ ਲਈ! ਇੱਕ ਅਸੀਂ ਹਾਂ, ਭਾਰਤ ਮਾਂ ਦੇ ਬੱਚੇ। ਸ਼ਰਮ ਆਉਣੀ ਚਾਹੀਦੀ ਹੈ ਸਾਨੂੰ! ਦੇਸ਼ ਲਈ ਕੁਝ ਕਰਨਾ ਤਾਂ ਕੀ ਸੀ, ਉਸੇ ਨੂੰ ਲੁੱਟੀ ਜਾ ਰਹੇ ਹਾਂ। ਇਥੋਂ ਤੱਕ ਕਿ ਸ਼ਹੀਦਾਂ ਨੂੰ ਵੀ ਆਤੰਕਵਾਦੀ ਕਹਿ ਦਿੱਤਾ। ਮੈਂ ਪੁੱਛਦਾਂ ਕਿ ਜੇਕਰ ਕੋਈ ਬੰਦਾ ਤੁਹਾਡੇ ਘਰ ਵੜ ਜਾਵੇ ਤੇ ਤੁਹਾਨੂੰ ਪਤਾ ਹੋਵੇ ਕਿ ਉਸਦਾ ਤੁਸੀਂ ਕਾਨੂੰਨੀ ਸਹਾਇਤਾ ਨਾਲ ਕੁਝ ਨਹੀਂ ਵਿਗਾੜ ਸਕਦੇ ਤਾਂ ਤੁਸੀਂ ਕੀ ਕਰੋਗੇ? ਜੇਕਰ ਉਸਤੋਂ ਛੁਟਕਾਰਾ ਪਾਉਣ ਲਈ ਤੁਸੀਂ ਮੌਕਾ ਮਿਲਣ ਤੇ ਉਹਨੂੰ ਮਾਰ ਕੇ ਆਪਣੇ ਪਰਿਵਾਰ ਅਤੇ ਘਰ ਦੀ ਰੱਖਿਆ ਕੀਤੀ ਤਾਂ ਤੁਸੀਂ ਆਤੰਕਵਾਦੀ ਹੋ ਗਏ? ਇਹ ਤਾਂ ਭੁਲੇਖਾ ਹੀ ਹੈ ਕਿ ਅੰਗਰੇਜ਼ ਸ਼ਾਂਤੀ ਮਾਰਗ ਨਾਲ ਦੇਸ਼ ਨੂੰ ਆਜ਼ਾਦ ਕਰ ਕੇ ਚਲੇ ਗਏ। ਮੰਨ ਲਓ ਆਪਾਂ ਕਿਸੇ ਨੂੰ ਲੁੱਟਣ ਜਾਈਏ ਅਤੇ ਸਭ ਕੁਝ ਲੁੱਟ ਲਈਏ। ਲੁੱਟਣ ਲਈ ਕੁਝ ਖਾਸ ਨਾ ਬਚੇ ਪਰ ਉਹ ਆਪਣੇ ਬੰਦਿਆਂ ਨੂੰ ਮਾਰੀ ਜਾਣ ਤਾਂ ਆਪਾਂ ਕੀ ਕਰਾਂਗੇ? ਬੱਸ ਉਹੀ ਤਾਂ ਅੰਗਰੇਜ਼ਾਂ ਨੇ ਕੀਤਾ। ਉਹ ਸਮਝ ਗਏ ਸੀ ਕਿ ਹੁਣ ਇੱਥੇ ਜਾਨਾਂ ਗਵਾਉਣ ਦਾ ਕੋਈ ਫਾਇਦਾ ਨਹੀਂ ਅਤੇ ਛੱਡ ਕੇ ਚਲੇ ਗਏ। ਆਪਣੇ ਸ਼ਾਂਤੀ ਵਾਲੇ ਚੌੜੇ ਹੋ ਗਏ ਕਿ ਅਸੀਂ ਦੇਸ਼ ਆਜ਼ਾਦ ਕਰਵਾ ਲਿਆ!

ਇਨਕਲਾਬ ਜ਼ਿੰਦਾਬਾਦ!
ਭਾਰਤ ਮਾਤਾ ਦੀ ਜੈ!